# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 13.12.2016 ਨੂੰ ਦੁਪਹਿਰ 2.00 ਵਜੇ

ਅੱਜ ਮਿਤੀ 13.12.2016 ਨੂੰ ਦੁਪਹਿਰ 2.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 2 | ਜਸਵੀਰ ਕੌਰ | 4 | ਕੌਂਸਲਰ |
| 3 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 4 | ਸ਼ੈਰੀ ਗੋਇਲ | 6 | ਕੌਂਸਲਰ |
| 5 | ਹਰਪਾਲ ਸਿੰਘ | 7 | ਕੌਂਸਲਰ |
| 6 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 7 | ਹਰਜਿੰਦਰ ਸਿੰਘ | 11 | ਕੌਂਸਲਰ |
| 8 | ਪੰਕਜ ਅਰੋੜਾ | 12 | ਕੌਂਸਲਰ |
| 9 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 10 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 11 | ਹਰਮਿੰਦਰ ਸਿੰਘ | 17 | ਕੌਂਸਲਰ |
| 12 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 13 | ਦਰਸ਼ਨ ਕੁਮਾਰ | 20 | ਕੌਂਸਲਰ |
| 14 | ਸੁਖਮੰਦਰ ਸਿੰਘ | 22 | ਕੌਂਸਲਰ |
| 15 | ਕਮਲੇਸ਼ ਰਾਣੀ | 23 | ਕੌਂਸਲਰ |
| 16 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 17 | ਦਰਸ਼ਨਾ ਰਾਣੀ | 26 | ਕੌਂਸਲਰ |
| 18 | ਰਾਜ ਕੁਮਾਰ | 27 | ਕੌਂਸਲਰ |
| 19 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 20 | ਤਰਲੋਚ ਸਿੰਘ | 29 | ਕੌਂਸਲਰ |
| 21 | ਰਾਮ ਦਾਸ | 30 | ਕੌਂਸਲਰ |
| 22 | ਪ੍ਰੀਤਮ ਕੌਰ | 31 | ਕੌਂਸਲਰ |
| 23 | ਸ਼ਾਮ ਲਾਲ ਜੈਨ | 32 | ਕੌਂਸਲਰ |
| 24 | ਕਰਮਜੀਤ ਕੌਰ | 34 | ਕੌਂਸਲਰ |
| 25 | ਜਗਰਾਜ ਸਿੰਘ | 36 | ਕੌਂਸਲਰ |
| 26 | ਹਰਜਿੰਦਰ ਸਿੰਘ | 37 | ਕੌਂਸਲਰ |
| 27 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 28 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 29 | ਸ਼ਿੰਦਰ ਕੌਰ | 40 | ਕੌਂਸਲਰ |
| 30 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 31 | ਨਿਰਮਲ ਸਿੰਘ ਸ਼ਮਦੂ | 44 | ਕੌਂਸਲਰ |
| 32 | ਸੁਖਵਿੰਦਰ ਕੌਰ | 45 | ਕੌਂਸਲਰ |
| 33 | ਹਰਵਿੰਦਰ ਕੁਮਾਰ | 46 | ਕੌਂਸਲਰ |
| 34 | ਨਿਰਮਲ ਕੌਰ | 47 | ਕੌਂਸਲਰ |
| 35 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 36 | ਗੁਰਮੀਤ ਕੌਰ | 49 | ਕੌਂਸਲਰ |
| 37 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਜਗਰੂਪ ਸਿੰਘ ਗਿੱਲ, ਸ਼੍ਰੀ ਹਰਮੰਦਰ ਸਿੰਘ ਅਤੇ ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਸਾਹਿਬਾਨ ਨੇ ਸ਼੍ਰੀ ਬੇਅੰਤ ਸਿੰਘ ਰੰਧਾਵਾ ਅਤੇ ਸ਼੍ਰੀ ਰਾਜਿੰਦਰ ਸਿੰਘ ਸਿੱਧੂ, ਕੌਂਸਲਰ ਸਾਹਿਬਾਨ ਜੀ ਦੇ ਪਿਤਾ ਜੀ ਦੇ ਅਚਾਨਕ ਸਵਰਗਵਾਸ ਹੋਣ ਕਾਰਨ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦੇਣ ਲਈ ਦੋ ਮਿਨਟ ਦਾ ਮੌਨ ਧਾਰਨ ਕਰਨ ਲਈ ਬੇਨਤੀ ਕੀਤੀ।

**ਮਤਾ ਨੰਬਰ 59:** **ਹਾਊਸ ਵੱਲੋਂ ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ, ਨਗਰ ਨਿਗਮ ਬਠਿੰਡਾ ਜੀ ਦੇ ਪਿਤਾ ਜੀ ਅਤੇ ਸ਼੍ਰੀ ਰਾਜਿੰਦਰ ਸਿੰਘ ਸਿੱਧੂ, ਕੌਂਸਲਰ, ਨਗਰ ਨਿਗਮ ਬਠਿੰਡਾ ਜੀ ਦੇ ਪਿਤਾ ਜੀ ਦੇ ਸਵਰਗਵਾਸ ਹੋਣ ਤੇ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।**

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 13.12.2016 ਨੂੰ ਦੁਪਹਿਰ 2.15 ਵਜੇ

ਅੱਜ ਮਿਤੀ 13.12.2016 ਨੂੰ ਦੁਪਹਿਰ 2.15 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 2 | ਜਸਵੀਰ ਕੌਰ | 4 | ਕੌਂਸਲਰ |
| 3 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 4 | ਸ਼ੈਰੀ ਗੋਇਲ | 6 | ਕੌਂਸਲਰ |
| 5 | ਹਰਪਾਲ ਸਿੰਘ | 7 | ਕੌਂਸਲਰ |
| 6 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 7 | ਹਰਜਿੰਦਰ ਸਿੰਘ | 11 | ਕੌਂਸਲਰ |
| 8 | ਪੰਕਜ ਅਰੋੜਾ | 12 | ਕੌਂਸਲਰ |
| 9 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 10 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 11 | ਹਰਮਿੰਦਰ ਸਿੰਘ | 17 | ਕੌਂਸਲਰ |
| 12 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 13 | ਦਰਸ਼ਨ ਕੁਮਾਰ | 20 | ਕੌਂਸਲਰ |
| 14 | ਸੁਖਮੰਦਰ ਸਿੰਘ | 22 | ਕੌਂਸਲਰ |
| 15 | ਕਮਲੇਸ਼ ਰਾਣੀ | 23 | ਕੌਂਸਲਰ |
| 16 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 17 | ਦਰਸ਼ਨਾ ਰਾਣੀ | 26 | ਕੌਂਸਲਰ |
| 18 | ਰਾਜ ਕੁਮਾਰ | 27 | ਕੌਂਸਲਰ |
| 19 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 20 | ਤਰਲੋਚ ਸਿੰਘ | 29 | ਕੌਂਸਲਰ |
| 21 | ਰਾਮ ਦਾਸ | 30 | ਕੌਂਸਲਰ |
| 22 | ਪ੍ਰੀਤਮ ਕੌਰ | 31 | ਕੌਂਸਲਰ |
| 23 | ਸ਼ਾਮ ਲਾਲ ਜੈਨ | 32 | ਕੌਂਸਲਰ |
| 24 | ਕਰਮਜੀਤ ਕੌਰ | 34 | ਕੌਂਸਲਰ |
| 25 | ਜਗਰਾਜ ਸਿੰਘ | 36 | ਕੌਂਸਲਰ |
| 26 | ਹਰਜਿੰਦਰ ਸਿੰਘ | 37 | ਕੌਂਸਲਰ |
| 27 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 28 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 29 | ਸ਼ਿੰਦਰ ਕੌਰ | 40 | ਕੌਂਸਲਰ |
| 30 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 31 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 32 | ਸੁਖਵਿੰਦਰ ਕੌਰ | 45 | ਕੌਂਸਲਰ |
| 33 | ਹਰਵਿੰਦਰ ਕੁਮਾਰ | 46 | ਕੌਂਸਲਰ |
| 34 | ਨਿਰਮਲ ਕੌਰ | 47 | ਕੌਂਸਲਰ |
| 35 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 36 | ਗੁਰਮੀਤ ਕੌਰ | 49 | ਕੌਂਸਲਰ |
| 37 | ਜਗਸੀਰ ਸਿੰਘ ਬੰਗੀ | 50 | ਕੌਂਸਲਰ |
| 38 | ਸ਼੍ਰੀ ਸਰੂਪ ਚੰਦ ਸਿੰਗਲਾ | | ਐਕਸ ਆਫੀਸ਼ਿਓ ਮੈਂਬਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਬਰਨਾਲਾ ਬਾਈਪਾਸ ਰੋਡ ਤੇ ਪਾਣੀ ਦੀ ਲੀਕੇਜ਼ ਨਾਲ ਖੱਡਾ ਪੈਣ ਬਾਰੇ ਅਤੇ ਰੇਲਵੇ ਗੇਟ ਪਾਸ ਨੀਵੀਂ ਜਗ੍ਹਾ ਹੋਣ ਕਾਰਨ ਲੋਕਾਂ ਨੂੰ ਆ ਰਹੀ ਪਰੇਸ਼ਾਨੀ ਬਾਰੇ ਦਸਿਆ। ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਉਕਤ ਸਮੱਸਿਆਂਵਾਂ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ।

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਆਪਣੇ ਵਾਰਡ ਵਿੱਚ ਵਿਕਾਸ ਦੇ ਕੰਮ ਕਰਾਉਣ ਅਤੇ ਪਾਣੀ ਅਤੇ ਸੀਵਰੇਜ਼ ਦੀਆਂ ਸ਼ਿਕਾਇਤਾਂ ਸਬੰਧੀ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਅਤੇ ਤ੍ਰਿਵੇਣੀ ਕੰਪਨੀ ਦੇ ਨੁਮਾਇੰਦਿਆਂ ਵੱਲੋਂ ਕੰਮ ਨਾ ਕਰਨ ਬਾਰੇ ਦਸਿਆ। ਉਹਨਾਂ ਇਹ ਵੀ ਦਸਿਆ ਕਿ ਬਰਨਾਲਾ

ਬਾਈਪਾਸ ਰੋਡ ਤੇ ਪਾਣੀ ਦੀ ਲੀਕੇਜ਼ ਨਾਲ ਖੱਡੇ ਪੈ ਗਏ ਹਨ। ਇਸਤੇ ਮੇਅਰ ਸਾਹਿਬ ਨੇ ਦਸਿਆ ਕਿ ਉਕਤ ਏਰੀਏ ਵਿੱਚ ਵਿਕਾਸ ਦੇ ਕੰਮ ਕਰਵਾਉਣ ਖਾਤਰ ਮਿਤੀ 23.12.2016 ਦੇ ਟੈਂਡਰ ਲੱਗੇ ਹੋਏ ਹਨ। ਉਹਨਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਪਾਣੀ ਅਤੇ ਸੀਵਰੇਜ਼ ਦੀਆਂ ਸ਼ਿਕਾਇਤਾਂ ਦੂਰ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਗੁਰੂਕੁੱਲ ਰੋਡ ਬਨਾਉਣ ਬਾਰੇ ਅਤੇ ਜੋਗੀ ਬਸਤੀ ਵਿੱਚ ਸੀਵਰੇਜ਼ ਪਾਉਣ ਬਾਰੇ ਕਿਹਾ। ਇਸਤੇ ਮੇਅਰ ਸਾਹਿਬ ਨੇ ਦਸਿਆ ਕਿ ਗੁਰਕੁੱਲ ਰੋਡ ਤੇ ਸੜ੍ਹਕ ਬਨਾਉਣ ਖਾਤਰ ਪੱਥਰ ਆ ਚੁੱਕਿਆ ਹੈ। ਜੋਗੀ ਬਸਤੀ ਵਿੱਚ ਤਿੰਨ ਮਹੀਨਿਆਂ ਤੱਕ ਸੀਵਰ ਪਾ ਦਿੱਤਾ ਜਾਵੇਗਾ। ਸ਼੍ਰੀ ਸਰੂਪ ਚੰਦ ਸਿੰਗਲਾ, ਐਕਸ ਆਫੀਸ਼ਿਓ ਮੈਂਬਰ ਨੇ ਉਕਤ ਮੈਂਬਰ ਸਾਹਿਬਾਨ ਦੇ ਕੰਮ ਕਰਵਾਉਣ ਦੀ ਸਿਫਾਰਸ਼ ਕੀਤੀ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਸੰਗੂਆਣਾ ਫਾਟਕ ਪਾਸ ਜਲਦ ਤੋਂ ਜਲਦ ਸੜ੍ਹਕ ਬਨਾਉਣ ਦੀ ਮੰਗ ਕੀਤੀ। ਇਸਤੇ ਮੇਅਰ ਸਾਹਿਬ ਨੇ ਦਸਿਆ ਕਿ ਉਸ ਜਗ੍ਹਾ ਲੀਕੇਜ਼ ਹੋਣ ਕਾਰਨ ਕੰਮ ਕਰਨ ਵਿੱਚ ਦਿੱਕਤ ਆ ਰਹੀ ਹੈ। ਇਸਤੋਂ ਇਲਾਵਾ ਨਰੂਆਣਾ ਰੋਡ ਅਤੇ ਸੰਗੂਆਣਾ ਬਸਤੀ ਵਿੱਚ ਪਾਣੀ ਦੇਣ ਖਾਤਰ ਪਾਈਪ ਪਾਈ ਜਾ ਰਹੀ ਹੈ। ਉਕਤ ਥਾਂ ਤੇ ਲੀਕੇਜ਼ ਸਹੀ ਕਰਨ ਅਤੇ ਕਨੈਕਟੀਵਿਟੀ ਕਰਨ ਉਪਰੰਤ ਜਲਦ ਹੀ ਸੜ੍ਹਕ ਬਨਾਉਣ ਦਾ ਕੰਮ ਕਰਵਾ ਦਿੱਤਾ ਜਾਵੇਗਾ। ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਦੇ ਟੋਭੇ ਦਾ ਸੁੰਦਰੀਕਰਨ ਵੀ ਲੜੀ ਨੰ: 5 ਤੇ ਲੱਗੇ ਏਜੰਡੇ ਅਨੁਸਾਰ ਕੀਤਾ ਜਾਵੇ। ਇਸਤੇ ਮੇਅਰ ਸਾਹਿਬ ਨੇ ਕਿਹਾ ਕਿ ਸ਼ਹਿਰ ਵਿੱਚ ਜਿੰਨੇ ਵੀ ਟੋਭੇ ਹਨ, ਉਹਨਾਂ ਸਾਰਿਆਂ ਦਾ ਸੁੰਦਰੀਕਰਨ ਕਰਨ ਖਾਤਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀਮਤੀ ਜਸਬੀਰ ਕੋਰ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਦੀ ਗਲੀ ਨੰਬਰ 10/15 ਅਤੇ 10/21 ਵਿੱਚ ਸੀਵਰੇਜ਼ ਦੀ ਬਲਾਕੇਜ਼ ਚੱਲ ਰਹੀ ਹੈ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਕਤ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ।

ਸ਼੍ਰੀ ਸੁਖਦੇਵ ਸਿੰਘ ਬਰਾੜ, ਕੌਂਸਲਰ ਨੇ ਬੀਬੀ ਵਾਲਾ ਚੌਂਕ ਗਰੀਨ ਪੈਲੇਸ ਰੋਡ ਤੇ ਸੀਵਰੇਜ਼ ਦੇ ਬੰਦ ਹੋਣ ਬਾਰੇ ਦਸਿਆ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਕਤ ਸਮੱਸਿਆ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ।

ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਕਿਹਾ ਕਿ ਨਿਊ ਕਮਲਾ ਨਹਿਰੂ ਕਲੋਨੀ ਵਿਖੇ ਸਫਾਈ ਦਾ ਮੰਦਾ ਹਾਲ ਹੈ ਅਤੇ ਜੋ ਸੀਵਰ ਲੋਕਾਂ ਦੇ ਘਰਾਂ ਦੇ ਥੱਲਿਓਂ ਜਾਂਦਾ ਹੈ, ਉਸਨੂੰ ਜਲਦ ਤੋਂ ਜਲਦ ਬਾਹਰ ਕਢਵਾਉਣ ਲਈ ਬੇਨਤੀ ਕੀਤੀ। ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਕਮਲਾ ਨਹਿਰੂ ਕਲੋਨੀ ਵਿਖੇ ਇੱਕ ਪੱਕੇ ਸਫਾਈ ਸੇਵਕ ਦੀ ਡਿਊਟੀ ਲਗਾਈ ਜਾਵੇ।

ਸ਼੍ਰੀ ਰਾਜਵਿੰਦਰ ਸਿੰਘ ਸਿੱਧੂ, ਕੌਂਸਲਰ ਨੇ ਦਸਿਆ ਕਿ ਗਰੋਥ ਸੈਂਟਰ ਵਿਖੇ ਪਾਣੀ ਦੇ ਟੈਂਕਾਂ ਨੂੰ ਆਪਸ ਵਿੱਚ ਜੋੜ੍ਹਨ ਖਾਤਰ ਜਲਦ ਤੋਂ ਜਲਦ ਕਾਰਵਾਈ ਕਰਨ ਦੀ ਮੰਗ ਕੀਤੀ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਕਤ ਟੈਂਕਾਂ ਨੂੰ ਜਲਦ ਤੋਂ ਜਲਦ ਆਪਸ ਵਿੱਚ ਜੋੜ੍ਹਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਬੇਨਤੀ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ 4-5 ਪਾਣੀ ਦੀਆਂ ਪਾਈਪਾਂ ਪੈਣ ਵਾਲੀਆਂ ਹਨ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਕਤ ਜਗ੍ਹਾ ਤੇ ਜਲਦ ਤੋਂ ਜਲਦ ਪਾਈਪਾਂ ਪਾਈਆਂ ਜਾਣ।

ਸ਼੍ਰੀਮਤੀ ਗੁਰਮੀਤ ਕੋਰ, ਕੌਂਸਲਰ ਨੇ ਗਲੀ ਨੰ: 8/1, 8/2, 8/3 ਅਤੇ ਜੱਸੀ ਪੌ ਵਾਲੀ ਭੱਠੇ ਦੇ ਨਾਲ ਲਗਦੀ ਗਲੀ ਨੂੰ ਜਲਦ ਤੋਂ ਜਲਦ ਬਨਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਅੰਡਰ ਬਰਿਜ ਦੇ ਕੰਮ ਲਈ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੂੰ ਪੱਤਰ ਪ੍ਰਾਪਤ ਹੋ ਚੁੱਕਿਆ ਹੈ। ਉਹਨਾਂ ਉਕਤ ਕੰਮ ਜਲਦ ਤੋਂ ਜਲਦ ਕਰਵਾਉਣ ਦੀ ਮੰਗ ਕੀਤੀ।

ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਕਿਹਾ ਕਿ ਭਾਗੂ ਰੋਡ ਤੇ ਵਾਟਰ ਵਰਕਸ ਦੇ ਟੈਂਕਾਂ ਦੀ ਸਫਾਈ ਦਾ ਕੰਮ ਹੋ ਚੁੱਕਿਆ ਹੈ। ਉਹਨਾਂ ਇਸ ਕੰਮ ਖਾਤਰ ਆਏ ਖਰਚੇ ਮੁਬਲਿਗ 10.00 ਲੱਖ ਰੁਪਏ ਅਤੇ ਮਾਡਲ ਟਾਊਨ, ਫੇਜ਼-2 ਵਿੱਚ ਪਾਣੀ ਦੀ ਪਾਈਪ ਪਾਉਣ ਖਾਤਰ 50,000/- ਰੁਪਏ ਦੀ ਨਗਰ ਨਿਗਮ ਦੇ ਹਿੱਸੇ ਵੱਜੋਂ ਬਣਦੇ ਹਿੱਸੇ 5.50 ਲੱਖ ਰੁਪਏ ਦੀ ਜਲਦ ਤੋਂ ਜਲਦ ਅਦਾਇਗੀ ਕਰਨ ਦੀ ਮੰਗ ਕੀਤੀ। ਇਸ ਗੱਲ ਦੀ ਤਾਇਦ ਸ਼੍ਰੀ ਹਰਜਿੰਦਰ ਸਿੰਘ ਸ਼ਿੰਦਾ, ਸ਼੍ਰੀ ਹਰਪਾਲ ਸਿੰਘ ਢਿੱਲੋਂ ਅਤੇ ਸ਼੍ਰੀਮਤੀ ਪ੍ਰਵਿੰਦਰ ਕੋਰ, ਕੌਂਸਲਰਾਂ ਨੇ ਕੀਤੀ। ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਉਕਤ ਅਦਾਇਗੀ ਜਲਦ ਤੋਂ ਜਲਦ ਕਰਨ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਉਹਨਾਂ ਦੇ ਵਾਰਡ ਵਿੱਚ 98% ਕੰਮ ਹੋਣ ਖਾਤਰ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਉਹਨਾਂ ਆਪਣੇ ਵਾਰਡ ਵਿੱਚ ਇੱਕ ਮੇਨਹੋਲ ਬਨਾਉਣ ਬਾਰੇ ਬੇਨਤੀ ਕੀਤੀ। ਇਸਤੇ ਮੇਅਰ

ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਕੰਮ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਗੁਰਬਚਨ ਸਿੰਘ ਖੁੱਬਣ, ਕੌਂਸਲਰ ਨੇ ਉਹਨਾਂ ਦੇ ਏਰੀਏ ਵਿੱਚ ਪੀਣ ਵਾਲਾ ਪਾਣੀ ਮੁੱਹਈਆਂ ਕਰਵਾਉਣ ਤੇ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਉਹਨਾਂ ਆਪਣੇ ਏਰੀਏ ਵਿੱਚ ਜੋ ਥੋੜੀ ਜਿਹੀ ਸੜ੍ਹਕ ਰਹਿ ਗਈ ਹੈ, ਨੂੰ ਜਲਦ ਤੋਂ ਜਲਦ ਬਨਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਜਿਸ ਜਗ੍ਹਾ ਸੀਵਰ ਪੈ ਚੁੱਕਿਆ ਹੈ, ਉੱਥੇ ਹਾਲ ਦੀ ਘੜੀ ਮਿੱਟੀ ਪਾ ਕੇ ਸੜ੍ਹਕ ਚਲਣਯੋਗ ਬਣਾਈ ਜਾਵੇ।

ਸ਼੍ਰੀ ਦਰਸ਼ਨ ਕੁਮਾਰ, ਕੌਂਸਲਰ ਨੇ ਉਹਨਾਂ ਦੇ ਏਰੀਏ ਵਿੱਚ ਆ ਰਹੇ ਗੰਦੇ ਪਾਣੀ ਦੀ ਸਮੱਸਿਆ ਬਾਰੇ ਦਸਿਆ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਦੋ ਦਿਨਾਂ ਦੇ ਅੰਦਰ-ਅੰਦਰ ਗੰਦੇ ਪਾਣੀ ਦੀ ਸ਼ਿਕਾਇਤ ਨੂੰ ਦੂਰ ਕਰਨ ਲਈ ਹਦਾਇਤ ਕੀਤੀ।

ਸ਼੍ਰੀ ਹਰਪਾਲ ਸਿੰਘ ਢਿੱਲੋ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਤਿੰਨ ਥਾਂਈਂ ਪਾਣੀ ਦੀ ਲੀਕੇਜ਼ ਹੋ ਰਹੀ ਹੈ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਸ਼ਿਕਾਇਤ ਦੂਰ ਕਰਨ ਦੀ ਹਦਾਇਤ ਕੀਤੀ।

ਸ਼੍ਰੀਮਤੀ ਨਿਰਮਲ ਕੋਰ, ਕੌਂਸਲਰ ਨੇ ਮੰਗ ਪੱਤਰ ਦੇ ਕੇ ਹੇਠ ਲਿਖੇ ਅਨੁਸਾਰ ਕੰਮ ਕਰਾਉਣ ਦੀ ਮੰਗ ਕੀਤੀ:-

1. ਗੁਰੂਕੁੱਲ ਰੋਡ, ਪਰਸ ਰਾਮ ਨਗਰ ਚੋਂਕ ਤੋਂ ਲੈ ਕੇ ਨਹਿਰ ਤੱਕ ਰੋਡ ਨੂੰ ਤੁਰੰਤ ਬਣਾਇਆ ਜਾਵੇ।
2. ਗਲੀ ਨੰ: 0, ਮੇਨ ਗਲੀ, ਗੋਪਾਲ ਨਗਰ, ਜਿਸਦੀ ਹਾਲਤ ਬਹੁਤ ਖਸਤਾ ਹੈ, ਇਸਨੂੰ ਆਧੁਨਿਕ ਤਰੀਕੇ ਨਾਲ ਬਣਾਇਆ ਜਾਵੇ।
3. ਗਲੀ ਨੰ: 5/5, ਜੋਗੀ ਨਗਰ, ਜੋ ਕਿ ਕਰੀਬ 10 ਸਾਲਾਂ ਤੋਂ ਟਾਇਲਾਂ ਦੀ ਬਣੀ ਹੋਈ ਹੈ, ਇਸ ਗਲੀ ਦੀ ਹਾਲਤ ਬਹੁਤ ਖਸਤਾ ਹੈ, ਨੂੰ ਆਧੁਨਿਕ ਤਰੀਕੇ ਨਾਲ ਬਣਾਇਆ ਜਾਵੇ।
4. ਗਲੀ ਨੰ: 5, ਮੇਨ ਗਲੀ, ਜੋਗੀ ਨਗਰ ਨੂੰ ਨਵੀਂ ਬਣਾਇਆ ਜਾਵੇ।
5. ਗਲੀ ਨੰ: 1,2 ਅਤੇ 3, ਗੋਪਾਲ ਨਗਰ ਵਿੱਚ ਨਾਲੀਆਂ ਨੂੰ ਜਲਦੀ ਬੰਦ ਕੀਤਾ ਜਾਵੇ।
6. ਗੋਪਾਲ ਨਗਰ ਵਿੱਚ ਸਫਾਈ ਖਾਤਰ 4 ਸਫਾਈ ਸੇਵਕਾਂ ਦੀ ਤੈਨਾਤੀ ਕੀਤੀ ਜਾਵੇ।

ਇਸਤੇ ਮੇਅਰ ਸਾਹਿਬ ਨੇ ਉਕਤ ਕੰਮ ਕਰਨ ਲਈ ਅਧਿਕਾਰੀਆਂ ਨੂੰ ਹਦਾਇਤ ਕੀਤੀ।

ਸ਼੍ਰੀ ਸ਼ਾਮ ਲਾਲ ਜੈਨ, ਕੌਂਸਲਰ ਨੇ ਹਾਜ਼ੀ ਰਤਨ ਰੋਡ ਤੇ ਪੀਣ ਵਾਲਾ ਪਾਣੀ ਮੁੱਹਈਆ ਕਰਾਉਣ ਲਈ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਉਹਨਾਂ ਹਾਜੀ ਰਤਨ ਗੁਰਦੁਆਰਾ ਸਾਹਿਬ ਅਤੇ ਹਾਜੀ ਰਤਨ ਮਸਜਿਦ ਨੂੰ ਜਾਂਦੀਆਂ ਸੜ੍ਹਕਾਂ ਦਾ ਸੰਦਰੀਕਰਨ ਕਰਨ ਅਤੇ ਬੁੱਢਾ ਦੱਲ ਨਿਹੰਗ ਸਿੰਘ ਮਾਰਕੀਟ ਨੇੜੇ ਦਰਸ਼ਨੀ ਗੇਟ ਬਨਾਉਣ ਖਾਤਰ ਹੇਠ ਲਿਖੇ ਅਨੁਸਾਰ ਮੰਗ ਪੱਤਰ ਦਿੱਤਾ:-

ਬੇਨਤੀ ਹੈ ਕਿ

1. ਹਾਜ਼ੀ ਰਤਨ ਇੱਕ ਇਤਿਹਾਸਕ ਗੁਰਦੁਆਰਾ ਸਾਹਿਬ ਹੈ, ਜਿੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਦਸਵੀ ਪਾਤਸ਼ਾਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਚਰਨ ਪਾਏ। ਇਸ ਜਗ੍ਹਾ ਦੇ ਨਾਲ ਲਗਦੀ ਮਸਜਿਦ ਵਿੱਚ ਹਾਜ਼ੀ ਸਾਹਿਬ ਹਜ ਕਰਕੇ ਇੱਥੇ ਆਏ। ਜਦੋਂ ਵੀ ਕੋਈ ਹਾਜੀ ਹਜ ਕਰਨ ਜਾਂਦਾ ਹੈ ਤਾਂ ਇਸ ਜਗ੍ਹਾ ਪਹਿਲਾਂ ਮੱਥਾ ਟੇਕ ਕੇ ਜਾਂਦਾ ਹੈ। ਇਸ ਕਾਰਨ ਦੋਹੇਂ ਅਸਥਾਨ ਪਵਿਤਰ ਤੀਰਥ ਸਥਾਨ ਹਨ। ਸੋ, ਜਿਸ ਤਰ੍ਹਾਂ ਪੰਜਾਬ ਦੇ ਅੰਦਰ ਤੀਰਥ ਸਥਾਨਾਂ ਅਤੇ ਇਤਿਹਾਸਕ ਥਾਂਵਾਂ ਦੀ ਸੰਭਾਲ ਕਰਨ ਖਾਤਰ ਸ: ਪਰਕਾਸ਼ ਸਿੰਘ ਜੀ ਬਾਦਲ, ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਇਤਿਹਾਸਕ ਥਾਂਵਾਂ ਦਾ ਸੁੰਦਰੀਕਰਨ ਕੀਤਾ ਜਾ ਰਿਹਾ ਹੈ, ਉਸੇ ਤਰਜ਼ ਤੇ ਹਾਜੀ ਰਤਨ ਗੁਰਦੁਆਰਾ ਸਾਹਿਬ ਅਤੇ ਉਨ੍ਹਾਂ ਦੇ ਨਾਲ ਲਗਦੀ ਮਸਜਿਦ ਹਾਜੀ ਰਤਨ, ਦੋਹਾਂ ਸਥਾਨਾਂ ਤੇ ਆਉਣ ਜਾਣ ਵਾਲੀਆਂ ਸੜ੍ਹਕਾਂ ਨੂੰ ਚੌੜੀਆਂ ਕਰਕੇ ਇਹਨਾਂ ਦਾ ਸੁੰਦਰੀਕਰਨ ਕੀਤਾ ਜਾਵੇ। ਇਸ ਸਬੰਧੀ ਪਾਸ ਕੀਤਾ ਜਾਵੇ ਕਿ ਪ੍ਰੋਜੈਕਟ ਰਿਪੋਰਟ ਬਣਾ ਕੇ ਆਉਣ ਵਾਲੇ ਖਰਚੇ ਦੀ ਮੰਨਜ਼ੂਰੀ ਹਾਊਸ ਵੱਲੋਂ ਦਿੱਤੀ ਜਾਵੇ।
2. ਇਸਤੋਂ ਇਲਾਵਾ ਹਾਜੀ ਰਤਨ ਗੁਰਦੁਆਰਾ ਸਾਹਿਬ ਅਤੇ ਹਾਜੀ ਰਤਨ ਮਸਜਿਦ ਨੂੰ ਜਾਂਦੀ ਮੇਨ ਸੜ੍ਹਕ ਤੇ ਦਰਸ਼ਨੀ ਗੇਟ ਬੁੱਢਾ ਦੱਲ ਨਿਹੰਗ ਸਿੰਘ ਮਾਰਕੀਟ ਨੇੜੇ ਬਣਾਇਆ ਜਾਵੇ।

ਇਸ ਨਾਲ ਜਿੱਥੇ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਹੋਵੇਗੀ, ਉੱਥੇ ਆਮ ਪਬਲਿਕ ਦੀ ਨਿਗਾਹ ਵਿੱਚ ਨਿਗਮ ਦਾ ਅਕਸ ਵੀ ਉੱਚਾ ਹੋਵੇਗਾ ਜੀ। ਇਸ ਲਈ ਮੇਰੀ ਹਾਊਸ ਅੱਗੇ ਹੱਥ ਜੋੜ੍ਹ ਕੇ ਬੇਨਤੀ ਹੈ ਕਿ ਉਕਤ ਗੇਟ ਦੀ ਉਸਾਰੀ ਲਈ ਮੰਨਜ਼ੂਰੀ ਅਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਇਸਤੇ ਮੇਅਰ ਸਾਹਿਬ ਨੇ ਉਕਤ ਹਾਜੀ ਰਤਨ ਗੁਰਦੁਆਰਾ ਸਾਹਿਬ ਨੂੰ ਬੁੱਢਾ ਦੱਲ ਨਿਹੰਗ ਸਿੰਘ ਮਾਰਕੀਟ ਨੇੜੇ ਜਾਂਦੀ ਸੜ੍ਹਕ ਅਤੇ ਹਾਜੀ ਰਤਨ ਮਸਜਿਦ ਨੂੰ ਜਾਂਦੀ ਭਗਵਾਨ ਵਾਲਮੀਕਿ ਚੋਂਕ,ਸਬਜੀ ਮੰਡੀ ਅਤੇ ਫਰੂਟ ਮੰਡੀ ਤੋਂ ਹੁੰਦੇ ਹੋਏ ਜਾਂਦੀ ਸੜ੍ਹਕ ਦਾ ਸੁੰਦਰੀਕਰਨ ਕਰਨ ਅਤੇ ਇਹਨਾਂ ਦੋਹਾਂ ਸੜ੍ਹਕਾਂ ਤੇ ਦਰਸ਼ਨੀ ਗੇਟ ਬਨਾਉਣ ਖਾਤਰ

ਕਾਰਵਾਈ ਅਮਲ ਵਿੱਚ ਲਿਆਉਣ ਦੇ ਨਾਲ-ਨਾਲ ਬਠਿੰਡਾ ਸ਼ਹਿਰ ਵਿਖੇ ਇਤਿਹਾਸਕ ਥਾਂਵਾਂ ਜਿਵੇਂ ਕਿ ਕਿਲਾ ਮੁਬਾਰਕ ਅਤੇ ਸੰਗੂਆਣਾ ਬਸਤੀ ਵਿਖੇ ਗੁਗਾ ਮੈੜੀ ਦੇ ਸੁੰਦਰੀਕਰਨ ਕਰਨ ਤੋਂ ਇਲਾਵਾ ਸ਼ਹਿਰ ਦੀਆਂ ਹੋਰ ਇਤਿਹਾਸਕ ਥਾਂਵਾਂ ਦਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਹਰਮੰਦਰ ਸਾਹਿਬ ਦਾ ਸੁੰਦਰੀਕਰਨ ਕਰਨ ਦੀ ਤਰਜ਼ ਤੇ ਮਾਨਯੋਗ ਪੰਜਾਬ ਸਰਕਾਰ ਜਾਂ ਮਾਨਯੋਗ ਕੇਂਦਰ ਸਰਕਾਰ ਪਾਸ ਪ੍ਰੋਜੈਕਟ ਬਣਾ ਕੇ ਭੇਜਣ ਦੀ ਹਦਾਇਤ ਕੀਤੀ ਅਤੇ ਅੱਜ ਦੀ ਮੀਟਿੰਗ ਵਿੱਚ ਉਕਤ ਕੰਮ ਖਾਤਰ ਏਜੰਸੀ/ਕੰਸਲਟੈਂਟ ਨਿਯੁਕਤ ਕਰਨ ਲਈ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਸ਼੍ਰੀਮਤੀ ਨੀਲਮ ਰਾਣੀ ਜਿੰਦਲ, ਕੌਂਸਲਰ, ਵਾਰਡ ਨੰਬਰ 28 ਨੇ ਫਕੀਰ ਚੰਦ ਵਾਲੀ ਗਲੀ ਵਿੱਚ ਭਰੇ ਹੋਏ ਮੇਨਹੋਲ ਜਲਦ ਤੋਂ ਜਲਦ ਸਾਫ ਕਰਵਾਉਣ ਦੀ ਮੰਗ ਕੀਤੀ। ਇਸਤੇ ਮੇਅਰ ਸਾਹਿਬ ਨੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਉਕਤ ਮੇਨਹੋਲ ਸਾਫ ਕਰਵਾਏ ਜਾਣ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

**ਏਜੰਡਾ ਨੰਬਰ: 1**

ਮੀਟਿੰਗ ਮਿਤੀ 10.11.2016 ਦੀ ਕਾਰਵਾਈ ਦੀ ਪਕਿਆਈ।

**ਮੀਟਿੰਗ ਦੀ ਪਕਿਆਈ ਤੋਂ ਪਹਿਲਾਂ ਸ੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਆਦਰਸ਼ ਨਗਰ ਵਿਖੇ ਐਸ.ਟੀ.ਪੀ. ਨਾ ਬਣਾ ਕੇ ਕਿਸੇ ਹੋਰ ਜਗ੍ਹਾ ਤੇ ਲਗਾਇਆ ਜਾਵੇ। ਇਸਤੋਂ ਇਲਾਵਾ ਜਨਤਾ ਨਗਰ ਵਿਖੇ ਪਾਏ ਗਏ ਸੀਵਰ ਲਈ ਅਲਗ ਤੋਂ ਡਿਸਪੋਜ਼ਲ ਨਾ ਬਣਾ ਕੇ ਸ਼ਹਿਰ ਵਿੱਚ ਪਾਏ ਜਾ ਰਹੇ ਮੇਨ ਸੀਵਰ ਨਾਲ ਜੋੜਿਆ ਜਾਵੇ। ਇਸਤੇ ਮੇਅਰ ਸਾਹਿਬ ਨੇ ਦਸਿਆ ਕਿ ਆਦਰਸ਼ ਨਗਰ ਵਿਖੇ ਪਹਿਲਾਂ ਹੀ ਨਗਰ ਸੁਧਾਰ ਟਰੱਸਟ ਵੱਲੋਂ ਜਗ੍ਹਾ ਐਸ.ਟੀ.ਪੀ. ਲਈ ਈਅਰਮਾਰਕ ਕੀਤੀ ਹੋਈ ਹੈ। ਉਹਨਾਂ ਜਨਤਾ ਨਗਰ ਵਿਖੇ ਸਹੀ ਢੰਗ ਨਾਲ ਸੀਵਰ ਪਾਉਣ ਖਾਤਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਕਾਰਵਾਈ ਕਰਨ ਦੀ ਹਦਾਇਤ ਕੀਤੀ।**

**ਮਤਾ ਨੰਬਰ 60:** **ਮੀਟਿੰਗ ਮਿਤੀ 10.11.2016 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

**ਏਜੰਡਾ ਨੰਬਰ: 2**

ਰਿਪੋਰਟ ਹਾਊਸ ਟੈਕਸ ਸ਼ਾਖਾ ਕਿ ਨਗਰ ਕੌਂਸਲ ਬਠਿੰਡਾ (ਹੁਣ ਨਗਰ ਨਿਗਮ ਬਠਿੰਡਾ) ਵੱਲੋਂ ਸਾਲ 1979-80 ਲਈ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ (ਯੂਨਿਟ ਨੰ: 19C-2) ਦੀ ਹਾਊਸ ਟੈਕਸ ਅਸੈਸਮੈਂਟ 47,20,822/- ਰੁਪੈ ਮਿਤੀ 30/03/1979 ਨੂੰ ਫਾਈਨਲ ਕੀਤੀ ਗਈ ਸੀ। ਜਿਸ ਦੇ ਵਿਰੁੱਧ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਵੱਲੋਂ ਮਿਤੀ 08/05/1991 ਨੂੰ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੀ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਸੀ ਅਤੇ ਨਗਰ ਕੌਂਸਲ (ਹੁਣ ਨਗਰ ਨਿਗਮ) ਵੱਲੋਂ ਸਾਲ 1988-89 ਲਈ ਰਿਵਾਈਜ਼ਡ ਅਸੈਸਮੈਂਟ ਮਿਤੀ 30/03/1988 ਨੂੰ 65,76,522/- ਰੁਪੈ ਫਾਈਨਲ ਕੀਤੀ ਗਈ ਸੀ। ਇਸ ਫਾਈਨਲ ਕੀਤੀ ਅਸੈਸਮੈਂਟ ਦੇ ਵਿਰੁੱਧ ਮਿਤੀ 04/06/1991 ਨੂੰ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਵੱਲੋਂ ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੀ ਅਦਾਲਤ ਵਿੱਚ ਅਪੀਲ ਦਾਇਰ ਕਰ ਦਿੱਤੀ ਸੀ। ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੀ ਅਦਾਲਤ ਵੱਲੋਂ ਮਿਤੀ 15/09/1992 ਨੂੰ ਇਹ ਦੋਨੋਂ ਅਪੀਲਾਂ ਦਾ ਫੈਸਲਾ ਨਗਰ ਕੌਂਸਲ (ਹੁਣ ਨਗਰ ਨਿਗਮ ਬਠਿੰਡਾ) ਦੇ ਹੱਕ ਵਿੱਚ ਕਰ ਦਿੱਤਾ ਗਿਆ ਸੀ। ਇਹਨਾਂ ਦੋਵਾਂ ਅਪੀਲਾਂ ਦੇ ਫੈਸਲਿਆਂ ਦੇ ਵਿਰੁੱਧ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਵੱਲੋਂ CWP No. 6590 of 1993 ਬਾਬਤ ਅਸੈਸਮੈਂਟ ਸਾਲ 1979 ਅਤੇ CWP No. 6702 of 1993 ਬਾਬਤ ਅਸੈਸਮੈਂਟ ਸਾਲ 1988 ਦਾਇਰ ਕਰ ਦਿੱਤੀਆਂ ਸਨ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਇਹ ਦੋਨੇ ਅਪੀਲਾਂ ਐਡਮਿਟ ਕਰ ਲਈਆਂ ਸਨ।

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਸ੍ਰੀ ਪਰਮਜੀਤ ਸਿੰਘ ਵੱਲੋਂ ਮਿਤੀ 03/12/2014 ਨੂੰ ਪਾਸ ਕੀਤੇ ਅੰਤਰਿਮ ਹੁਕਮਾਂ ਵਿੱਚ ਨਿਰਦੇਸ਼ ਜਾਰੀ ਕਰਦੇ ਹੇਠ ਲਿਖੇ ਹੁਕਮ ਜਾਰੀ ਕੀਤੇ:-

> ***"There is dispute between Punjab State Electricity Board, Punjab and Municpal Corporation Bathinda which are creatures of statute and under the deep control of the State Government.***
>
> ***It appears that such a litigation is unnecessary and can be settled at the level of the Government by passing some order or issuing some notification. The Government can also constitute a high level committee to sort out the differences arising between the statutory bodies.***
>
> ***Learned State counsel is directed to seek instructions in this regard from the Chief Secretary of State."***

ਉਪਰੋਕਤ ਹੁਕਮਾਂ ਦੀ ਪਾਲਣਾ ਕਰਦੇ ਹੋਏ ਮਾਨਯੋਗ ਮੁੱਖ ਸਕੱਤਰ ਜੀ ਵੱਲੋਂ ਹੇਠ ਲਿਖੀ ਹਾਈ ਪਾਵਰ ਕਮੇਟੀ ਦਾ ਗਠਨ ਕੀਤਾ ਗਿਆ:-

a. Chief Secretary to Government of Punjab -Chairman
b. Secretary/Principal Secretary Coordination -Member

c. Secretary/Principal Secretary Local Government -Member
d. Legal Remembrancer, Punjab -Member
e. Administrative Secretary of the concerned Department (In case of Punjab Government body) or a representative not below the rank of Chief Executive Officer of the concerned body (in other cases) -Member
f. Director Local Government, Punjab -Convener

ਇਸ ਕਮੇਟੀ ਦੀ ਪਹਿਲੀ ਮੀਟਿੰਗ ਮਾਨਯੋਗ ਮੁੱਖ ਸਕੱਤਰ ਜੀ ਦੀ ਪ੍ਰਧਾਨਗੀ ਹੇਠ ਮਿਤੀ 13/03/2015 ਨੂੰ ਹੋਈ।

ਇਸ ਤੋਂ ਬਾਅਦ ਮਿਤੀ 15/03/2016 ਨੂੰ ਉਪ ਸਕੱਤਰ, ਸਥਾਨਕ ਸਰਕਾਰ ਵਿਭਾਗ ਜੀ ਦੇ ਪੱਤਰ ਰਾਹੀਂ ਇਹਨਾਂ ਕੇਸਾਂ ਦੀ ਮੁੱਢਲੀ ਸੁਣਵਾਈ ਲਈ ਮਾਨਯੋਗ ਕਾਨੂੰਨੀ ਮਸ਼ੀਰ-ਕਮ-ਸਕੱਤਰ, ਪੰਜਾਬ ਸਰਕਾਰ ਕਾਨੂੰਨ ਅਤੇ ਨਿਆਂ ਵਿਭਾਗ ਪੰਜਾਬ ਚੰਡੀਗੜ੍ਹ ਜੀ ਪਾਸ ਕੇਸ ਭੇਜਿਆ ਗਿਆ। ਉਹਨਾਂ ਵੱਲੋਂ ਇਸ ਕੇਸ ਦੀ ਸੁਣਵਾਈ ਉਪਰੰਤ ਆਪਣੀ ਰਿਪੋਰਟ ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ-ਕਮ-ਚੇਅਰਮੈਨ, ਹਾਈ ਪਾਵਰ ਕਮੇਟੀ ਨੂੰ ਪੱਤਰ ਨੰ: 2573 ਮਿਤੀ 04/07/2016 ਰਾਹੀਂ ਸੌਂਪ ਦਿੱਤੀ। ਇਸ ਤੋਂ ਬਾਅਦ ਇਸ ਦੀ ਸੁਣਵਾਈ ਵਧੀਕ ਮੁੱਖ ਸਕੱਤਰ ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਨੇ ਸਕੱਤਰ ਪਾਵਰ ਅਤੇ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਦੇ ਉੱਚ ਅਧਿਕਾਰੀ ਅਤੇ ਨਿਗਮ ਦੇ ਉਚ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਇਸ ਕੇਸ ਦੀ ਆਖਰੀ ਮੀਟਿੰਗ ਮਿਤੀ 27/08/2016 ਨੂੰ ਹੋਈ ਅਤੇ ਇਸ ਦਾ ਫੈਸਲਾ ਮਿਤੀ 14/09/2016 ਨੂੰ ਕੀਤਾ ਗਿਆ ਸੀ। ਕੀਤੇ ਗਏ ਫੈਸਲੇ ਅਨੁਸਾਰ ਜਮੀਨ ਦੀ ਕੀਮਤ 4/- ਰੁਪੈ ਪ੍ਰਤੀ ਵਰਗ ਗਜ, ਸਲਾਨਾ ਰੈਂਟਲ ਵੈਲਯੂ 4% ਦੇ ਹਿਸਾਬ ਨਾਲ ਕੈਲਕੂਲੇਟ ਕੀਤੀ ਜਾਵੇਗੀ ਅਤੇ ਉਸਾਰੀ ਦੀ ਲਾਗਤ ਵਿੱਚੋਂ ਕੂਲਿੰਗ ਟਾਵਰ ਉਪਰ ਆਈ ਲਾਗਤ ਮਸ਼ੀਨਰੀ ਵਿੱਚ ਕਨਸਿਡਰ ਕੀਤੀ ਜਾਣੀ ਹੈ, ਝੀਲਾਂ ਅਤੇ ਚਿਮਨੀਆਂ ਦੀ ਉਸਾਰੀ ਦੀ ਲਾਗਤ ਬਿਲਡਿੰਗ ਦੀ ਲਾਗਤ ਵਿੱਚ ਕਨਸਿਡਰ ਕੀਤੀ ਜਾਵੇਗੀ ਅਤੇ ਬਿਲਡਿੰਗ ਉਸਾਰੀ ਦੀ ਕੀਮਤ ਅਸਲ ਕੀਮਤ ਹੀ ਮੰਨੀ ਜਾਵੇਗੀ। ਵਿਆਜ ਮਿਤੀ 01/04/1989 ਤੋਂ 6% ਦੀ ਦਰ ਨਾਲ ਬਕਾਇਆ ਰਾਸ਼ੀ ਤੇ ਕੈਲਕੂਲੇਟ ਕੀਤਾ ਜਾਵੇਗਾ। ਅਗਰ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਦੀ ਵਾਧੂ ਰਕਮ ਜਮ੍ਹਾਂ ਹੈ ਤਾਂ ਉਕਤ ਅਨੁਸਾਰ ਵਿਆਜ ਕੈਲਕੂਲੇਟ ਕੀਤਾ ਜਾਵੇ। ਇਹ ਫੈਸਲਾ ਸਾਲ 2012-13 ਤੱਕ ਲਾਗੂ ਹੋਵੇਗਾ। ਉਸ ਤੋਂ ਬਾਦ ਪੰਜਾਬ ਰਾਜ ਵਿੱਚ ਲਾਗੂ ਸੈਲਫ ਅਸੈਸਮੈਂਟ ਪ੍ਰਣਾਲੀ ਰਾਹੀਂ ਪ੍ਰਾਪਰਟੀ ਟੈਕਸ ਲਾਗੂ ਹੋਵੇਗਾ। ਉਕਤ ਦਰਸਾਏ ਫੈਸਲੇ ਦੀ ਰੋਸ਼ਨੀ ਵਿੱਚ ਹੇਠ ਲਿਖੇ ਅਨੁਸਾਰ ਅਸੈਸਮੈਂਟ ਕਰਨੀ ਬਣਦੀ ਹੈ:-

**Details of Arrear outstanding towards Guru Nanak Dev Thermal Plant Bathinda**

**Case No. 3 (C) (Excluding Cooling Towers)**

**Total Tax Due**

1. Assessment dt. 30.03.1979 (For 1979-80)

| Description | Amount |
|---|---|
| A. Cost of Land (72,42,140 Sq.Yds @ Rs. 4/-) | 2,89,68,560.00 |
| B. Cost of Const. (8,90,52,000.00 – 4,24,76,000.00) (without Chimanies) | 4,65,76,000.00 |
| Total | 7,55,44,560.00 |
| Annual Rental Value @ 4% | 30,21,782.00 |
| House Tax @ 15% of ARV e.i. | 4,53,267.00 |

2. Assessment dt. 30.03.1988 (For 1988-89)

| Description | | Amount |
|---|---|---|
| A. Cost of Land (72,42,140 Sq.Yds @ Rs. 4/-) | | 2,89,68,560.00 |
| B. Cost of Const. | | |
| (As per Assessment 1979) | 4,65,76,000.00 | |
| Additions (as per PSEB statement) | 65,08,000.00 | 5,30,84,000.00 |
| Total | | 8,20,52,560.00 |
| Annual Rental Value @ 4% | | 32,82,102.00 |
| House Tax @ 15% of ARV e.i. | | 4,92,315.00 |

**ਉਪਰੋਕਤ ਅਸੈਸਮੈਂਟ ਅਨੁਸਾਰ ਹੇਠ ਲਿਖੇ ਅਨੁਸਾਰ ਬਕਾਇਆ ਲੈਣਾ ਬਣਦਾ ਹੈ:-**

| | | |
|---|---|---|
| ਸਾਲ 1979-80 ਤੋਂ 1987-88 ਤੱਕ ਬਣਦਾ ਟੈਕਸ @ 4,53,267/- PA | | 40,79,403.00 |
| ਸਾਲ 1988-89 ਤੋਂ 2012-13 ਤੱਕ ਬਣਦਾ ਟੈਕਸ @ 4,92,315/- PA | | 1,23,07,875.00 |
| | ਕੁੱਲ | 1,63,87,278.00 |
| | ਅਦਾ ਕੀਤਾ ਟੈਕਸ | 73,59,588.00 |
| | ਬਾਕੀ | 90,27,690.00 |
| ਮਿਤੀ 30/11/2016 ਤੱਕ ਬਣਦਾ ਵਿਆਜ 6% ਦੀ ਦਰ ਨਾਲ | | 73,71,609.00 |
| ਕੁੱਲ ਵਸੂਲਣਯੋਗ ਰਕਮ | | 1,63,99,299.00 |

II. ਇਸ ਤੋਂ ਇਲਾਵਾ ਹਾਊਸ ਟੈਕਸ ਦੇ ਡੀਮਾਂਡ ਅਤੇ ਕੁਲੈਕਸ਼ਨ ਰਜਿਸਟਰ ਮੁਤਾਬਿਕ ਗੁਰੂ ਨਾਨਕ ਦੇਵ ਥਰਮਲ

| | |
|---|---|
| ਪਲਾਂਟ ਦੇ ਯੂਨਿਟ ਨੰ: 19C-2 ਦਾ ਬਕਾਇਆ ਹਾਊਸ ਟੈਕਸ | 2,27,75,886/- ਰੁਪੈ |
| ਉੱਚ ਪੱਧਰੀ ਕਮੇਟੀ ਦੇ ਫੈਸਲੇ ਅਨੁਸਾਰ ਵਸੂਲਣਯੋਗ ਹਾਊਸ ਟੈਕਸ | 90,27,690/- ਰੁਪੈ |
| ਖਾਰਜ ਕਰਨ ਯੋਗ ਹਾਊਸ ਟੈਕਸ | 1,37,48,196/- ਰੁਪੈ |

ਇਸ ਲਈ 1,37,48,196/- ਰੁਪੈ ਹਾਊਸ ਤੋਂ ਖਾਰਜ ਕਰਵਾਉਣ ਲਈ ਕੇਸ ਨਿਗਮ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਹਿੱਤ।

**ਮਤਾ ਨੰਬਰ 61:** **ਹਾਊਸ ਨੂੰ ਦਸਿਆ ਗਿਆ ਕਿ ਸਰਕਾਰ ਵੱਲੋਂ ਨਿਯੁਕਤ ਹਾਈ ਪਾਵਰ ਕਮੇਟੀ ਦੇ ਫੈਸਲੇ ਮਿਤੀ 14.09.2016 ਨੂੰ ਮੰਨਦੇ ਹੋਏ ਮਾਨਯੋਗ ਹਾਈਕੋਰਟ ਵੱਲੋਂ ਦੋਵੇਂ ਰਿਟ ਪਟੀਸ਼ਨਾਂ ਮਿਤੀ 11.11.2016 ਨੂੰ ਨਿਪਟਾ ਦਿੱਤੀਆਂ ਗਈਆਂ ਹਨ। ਇਸ ਲਈ ਦਫਤਰੀ ਰਿਪੋਰਟ ਪ੍ਰਵਾਨ ਹੈ।**

**ਏਜੰਡਾ ਨੰਬਰ: 3**

ਰਿਪੋਰਟ ਸਿਹਤ ਸ਼ਾਖਾ ਕਿ ਮਾਨਯੋਗ ਐਮ.ਐਲ.ਏ ਸਾਹਿਬ ਬਠਿੰਡਾ ਅਤੇ ਮਾਨਯੋਗ ਮੇਅਰ ਸਾਹਿਬ ਜੀ ਵੱਲੋਂ ਮੀਟਿੰਗ ਕੀਤੀ ਗਈ, ਜਿਸ ਵਿੱਚ ਉਹਨਾਂ ਵੱਲੋਂ ਬਾਹਰਲੀਆਂ ਕਲੋਨੀਆਂ ਵਿੱਚ ਸਫਾਈ ਦੀ ਘਾਟ ਸਬੰਧੀ ਵਿਚਾਰ ਕੀਤਾ ਗਿਆ। ਨਿਗਮ ਵਿਖੇ ਸਫਾਈ ਕਰਮਚਾਰੀਆਂ ਦੀ ਘਾਟ ਹੋਣ ਕਾਰਨ ਇਹਨਾਂ ਕਲੋਨੀਆਂ ਵਿੱਚ ਸਫਾਈ ਦਾ ਪ੍ਰਬੰਧ ਨਹੀਂ ਕੀਤਾ ਜਾ ਸਕਦਾ। ਨਿਗਮ ਵੱਲੋਂ 328 ਸਫਾਈ ਸੇਵਕ ਰੱਖਣ ਲਈ ਮਤਾ ਨੰਬਰ 99 ਮਿਤੀ 14.12.2015 ਰਾਹੀਂ ਪਾਸ ਕੀਤਾ ਹੈ। ਇਸ ਲਈ 50 ਸਫਾਈ ਵਰਕਰ ਆਉਟਸੋਰਸ ਰਾਹੀਂ ਇੱਕ ਸਾਲ ਲਈ ਰੱਖ ਕੇ ਗੈਂਗ ਬਣਾ ਕੇ ਇਹਨਾਂ ਕਲੋਨੀਆਂ ਵਿੱਚ ਸਫਾਈ ਕਰਵਾਈ ਜਾ ਸਕਦੀ ਹੈ। 50 ਸਫਾਈ ਵਰਕਰ ਆਉਟਸੋਰਸ ਰਾਹੀਂ ਰੱਖਣ ਅਤੇ ਆਉਣ ਵਾਲੇ ਖਰਚੇ ਮੁਬਲਿਗ 6191385/- ਰੁਪਏ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਨਿਗਮ ਵਿਖੇ ਸਫਾਈ ਕਰਮਚਾਰੀਆਂ ਦੀ ਤਾਦਾਦ ਬਾਰੇ ਪੁੱਛਿਆ। ਇਸਤੇ ਮੇਅਰ ਸਾਹਿਬ ਨੇ ਦਸਿਆ ਕਿ ਨਿਗਮ ਵਿਖੇ ਇਸ ਸਮੇਂ 700 ਰੈਗੂਲਰ ਸਫਾਈ ਸੇਵਕ, 138 ਡੇਲੀ ਵੇਜ਼ਿਜ਼ ਅਤੇ 40 ਸਫਾਈ ਸੇਵਕ ਆਉਟਸੋਰਸ ਤੇ ਕੰਮ ਕਰ ਰਹੇ ਹਨ। ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਪਹਿਲਾਂ ਹੋਈ ਮੀਟਿੰਗ ਵਿੱਚ ਪਾਸ ਕੀਤੇ ਸਫਾਈ ਕਰਮਚਾਰੀਆਂ ਦੇ ਸਟੇਟਸ ਬਾਰੇ ਪੁੱਛਿਆ। ਮੀਟਿੰਗ ਵਿੱਚ ਦਸਿਆ ਗਿਆ ਕਿ ਸ਼ਹਿਰ ਦਾ ਰਕਬਾ ਅਤੇ ਆਬਾਦੀ ਬਹੁੱਤ ਜਿਆਦਾ ਵੱਧ ਗਈ ਹੈ, ਜਿਸ ਕਾਰਨ ਹੋਰ ਸਫਾਈ ਕਰਮਚਾਰੀਆਂ ਦੀ ਅਤਿ ਜਰੂਰਤ ਹੈ।**

**ਮਤਾ ਨੰਬਰ 62:** **ਸਰਵ ਸੰਮਤੀ ਨਾਲ ਪਾਸ ਕੀਤਾ ਗਿਆ ਕਿ ਬਾਹਰਲੀਆਂ ਕਲੋਨੀਆਂ ਦੇ ਰਕਬੇ ਨੂੰ ਮੁੱਖ ਰਖਦੇ ਹੋਏ 50 ਦੀ ਥਾਂ ਤੇ 70 ਸਫਾਈ ਵਰਕਰ ਆਉਟਸੋਰਸ ਰਾਹੀਂ ਰੱਖਣ ਖਾਤਰ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**ਏਜੰਡਾ ਨੰ: 4**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| ਲੜੀ ਨੰ: | ਵਾਰਡ ਨੰਬਰ | ਕੰਮ ਦਾ ਨਾਮ | ਤਖਮੀਨੇ ਦੀ ਰਕਮ (ਲੱਖਾਂ ਵਿੱਚ) |
|---|---|---|---|
| 1 | | ਰੈਨੋਵੇਸ਼ਨ ਆਫ ਧਰਮਸ਼ਾਲਾ ਇਨ ਸਟਰੀਟ ਨੰਬਰ 7, ਗਨੇਸ਼ਾ ਬਸਤੀ ਐਡਜੁਆਇਨਿੰਗ ਟੂ ਗੁਰਦੁਆਰਾ ਸਾਹਿਬ | 5.00 |

ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 63:** **ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ ਆਮ ਪਬਲਿਕ ਦੀ ਮੰਗ ਨੂੰ ਮੁੱਖ ਰਖਦੇ ਹੋਏ ਹੇਠ ਲਿਖੇ ਅਨੁਸਾਰ ਵਿਕਾਸ ਦੇ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-**

| ਲੜੀ ਨੰ: | ਵਾਰਡ ਨੰਬਰ | ਕੰਮ ਦਾ ਨਾਮ | ਤਖਮੀਨੇ ਦੀ ਰਕਮ (ਲੱਖਾਂ ਵਿੱਚ) |
|---|---|---|---|
| 1 | | ਵਾਰਡ ਨੰਬਰ 1, ਗੋਬਿੰਦ ਨਗਰ, ਨੇੜੇ ਐਨ.ਐਫ.ਐਲ. ਵਿਖੇ ਧਰਮਸ਼ਾਲਾ ਦੀ ਉਸਾਰੀ ਕਰਨਾ | 3.50 |
| 2 | | ਸ਼੍ਰੀ ਜਵਾਲਾ ਮਾਤਾ ਮੰਦਿਰ ਟਰੱਸਟ (ਰਜਿ:), ਗਲੀ ਨੰ: 17, ਅਜੀਤ ਰੋਡ ਦੀ ਉਸਾਰੀ ਕਰਨਾ | 5.00 |
| 3 | | ਵਾਰਡ ਨੰ: 19, ਨੈਸ਼ਨਲ ਕਲੋਨੀ ਵਿਖੇ ਧਰਮਸ਼ਾਲਾ ਦੀ ਉਸਾਰੀ ਕਰਨਾ | 1.50 |
| 4 | | ਨਾਮਦੇਵ ਰੋਡ ਤੇ ਬਾਬਾ ਨਾਮਦੇਵ ਧਰਮਸ਼ਾਲਾ ਦੀ ਉਸਾਰੀ ਕਰਨਾ | 1.00 |
| 5 | | ਵਾਰਡ ਨੰਬਰ 34, ਬੰਗੀ ਨਗਰ ਦੀ ਸੰਤ ਕਬੀਰ ਦਾਸ ਧਰਮਸ਼ਾਲਾ ਦੀ ਉਸਾਰੀ ਕਰਨਾ | 6.00 |
| 6 | | ਬਾਬਾ ਸੰਤੂ ਸਿੰਘ ਧਰਮਸ਼ਾਲਾ ਦੀ ਉਸਾਰੀ ਕਰਨਾ | 3.00 |
| 7 | | ਧਰਮਸ਼ਾਲਾ ਬਾਬਾ ਦੀਪ ਸਿੰਘ ਨਗਰ, ਗਲੀ ਨੰ: 9 ਦੀ ਉਸਾਰੀ ਕਰਨਾ | 3.00 |
| 8 | | ਭਾਈ ਮਤੀ ਦਾਸ ਨਗਰ, ਗਲੀ ਨੰ: 7 ਵਿਖੇ ਧਰਮਸ਼ਾਲਾ ਦੀ ਉਸਾਰੀ ਕਰਨਾ | 3.00 |
| 9 | | ਪਰਸ ਰਾਮ ਨਗਰ, ਗਲੀ ਨੰ: 0 ਵਿਖੇ ਸ਼੍ਰੀ ਗੁਰੂ ਰਵੀ ਦਾਸ ਧਰਮਸ਼ਾਲਾ ਦੀ ਉਸਾਰੀ ਕਰਨਾ | 5.00 |
| 10 | | ਪ/ਲੇਇੰਗ ਪੀ.ਸੀ. ਇਨ ਹਾਊਸਫੈਡ ਕਲੋਨੀ, ਵਾਰਡ ਨੰਬਰ 14 | 91.00 |
| 11 | | ਪ/ਲ/ਫ ਆਫ 60 ਐਮ.ਐਮ. ਥਿੱਕ ਆਈ.ਸੀ.ਆਈ. ਮਾਰਕਡ ਇੰਟਰਲਾਕਿੰਗ ਟਾਇਲਜ਼ ਐਟ ਕਰੀਮੇਸ਼ਨ ਗਰਾਊਂਡ, ਨੇੜੇ ਡੀ.ਏ.ਵੀ. ਕਾਲਜ | 5.20 |

**ਉਕਤ ਤੋਂ ਇਲਾਵਾ**

1. **ਭਾਗੂ ਰੋਡ ਤੇ ਵਾਟਰ ਵਰਕਸ ਵਿਖੇ ਟੈਂਕ ਦੀ ਸਫਾਈ ਖਾਤਰ 5.00 ਲੱਖ ਰੁਪਏ ਅਤੇ ਮਾਡਲ ਟਾਊਨ ਫੇਜ਼-2 ਵਿਖੇ ਪਾਣੀ ਦੀ ਪਾਈਪ ਪਾਉਣ ਖਾਤਰ 50,000/- ਰੁਪਏ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

2. **ਐਫ.ਐਂਡ ਸੀ.ਸੀ. ਦੇ ਮਤਾ ਨੰਬਰ 178 ਮਿਤੀ 06.12.2016 ਰਾਹੀਂ ਸ਼ਹਿਰ ਵਿੱਚ ਐਲ.ਈ.ਡੀ. ਲਾਈਟਾਂ ਲਗਾਉਣ ਲਈ M/s. EESL ਕੰਪਨੀ ਨਾਲ ਕੀਤਾ ਇਕਰਾਰਨਾਮਾ ਰੱਦ ਕਰ ਦਿੱਤਾ ਗਿਆ ਹੈ, ਕਿਉਂਕਿ ਕੰਪਨੀ ਵੱਲੋਂ ਇੰਨਫਰਾਸਟਰੱਕਚਰ ਡਿਵੈਲਪਮੈਂਟ ਨੂੰ ਇੰਪਰੂਵ ਕਰਨ ਲਈ 5.18 ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ, ਜੋ ਕਿ ਕਿਸੇ ਵੀ ਤਰੀਕੇ ਨਾਲ ਜਾਇਜ ਨਹੀਂ ਜਾਪਦੀ। ਇਸ ਲਈ ਫੈਸਲਾ ਕੀਤਾ ਗਿਆ ਕਿ ਨਗਰ ਨਿਗਮ ਵੱਲੋਂ ਬਿਜਲੀ ਅਤੇ ਬਿਲਾਂ ਦੀ ਬਚਤ ਕਰਨ ਖਾਤਰ ਆਪਣੇ ਪੱਧਰ ਤੇ ਹੀ ਪੁਰਾਣੀਆਂ ਸਟਰੀਟ ਲਾਈਟਾਂ ਦੀ ਨਵੀਆਂ ਐਲ.ਈ.ਡੀ. ਲਾਈਟਾਂ ਦੀ ਰਿਪਲੈਸਮੈਂਟ ਕਰੇ। ਇਸ ਸਬੰਧ ਵਿੱਚ ਇੱਕ ਵਾਰ ਟਰਾਇਲ ਬੇਸਿਸ ਤੇ ਐਲ.ਈ.ਡੀ. ਲਗਾਉਣ ਖਾਤਰ 25.00 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਅਤੇ ਦਫਤਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਲੋੜੀਂਦਾ ਤਖਮੀਨਾ ਤਿਆਰ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।**

**ਏਜੰਡਾ ਨੰ: 5**

ਦਫਤਰੀ ਰਿਪੋਰਟ ਕਿ ਡੀ.ਏ.ਵੀ. ਕਾਲਜ਼ ਦੇ ਨਾਲ ਪਿੱਛਲੇ ਪਾਸੇ ਕਿਸ਼ੋਰੀ ਰਾਮ ਹਸਪਲਤਾਲ ਰੋਡ ਉਪਰ ਬਹੁਤ ਪੁਰਾਣਾ ਟੋਬਾ ਬਣਿਆ ਹੋਇਆ ਹੈ। ਇਸ ਟੋਬੇ ਉਪਰ ਇੰਨਕਰੋਚਮੈਂਟ ਦੀ ਕੋਸ਼ਿਸ ਹੁੰਦੀ ਰਹਿੰਦੀ ਹੈ। ਡੀ.ਏ.ਵੀ. ਕਾਲਜ਼ ਵੱਲੋਂ ਵੀ ਇੰਨਕਰੋਚਮੈਂਟ ਕਰਨ ਦੀ ਮਨਸ਼ਾ ਨਾਲ ਮਿੱਟੀ ਤੇ ਮੱਲਬਾ ਛੱਪੜ ਵਿੱਚ ਵੇਲੇ-ਕੁਵੇਲੇ ਪਾਇਆ ਜਾਂਦਾ ਹੈ। ਇਹ ਛੱਪੜ ਸ਼ਾਮਲਾਟ ਦੀ ਜਗ੍ਹਾ ਹੈ। ਇਸ ਟੋਬੇ ਵਿੱਚ ਬਰਸਾਤ ਦੇ ਪਾਣੀ ਦਾ ਨਿਕਾਸ ਵੀ ਕੀਤਾ ਹੋਇਆ ਹੈ ਪਰੰਤੂ ਮੌਜੂਦਾ ਟੋਬੇ ਵਿੱਚ ਪਾਣੀ ਦੀ ਨਿਕਾਸੀ ਸੁਚਾਰੂ ਢੰਗ ਨਾਲ ਨਹੀਂ ਹੋ ਰਹੀਂ ਕਿਉਂਕਿ ਇਸ ਟੋਬੇ ਦੀ ਸਮਰਥਾ ਘੱਟ ਹੈ, ਜਿਸ ਨਾਲ ਆਮ ਲੋਕਾਂ ਨੂੰ ਦਿੱਕਤਾਂ ਪੇਸ਼ ਆਉਂਦੀਆ ਹਨ। ਨਾਲ ਲਗਦੀਆ ਅਬਾਦੀਆਂ ਜਿਵੇਂ ਕਿ ਅਗਰਵਾਲ ਕਲੋਨੀ, ਬਸੰਤ ਵਿਹਾਰ, ਭੱਟੀ ਰੋਡ, ਚੰਦਸਰ ਬਸਤੀ ਆਦਿ ਤੋਂ ਇਲਾਵਾ ਬੀਬੀ ਵਾਲਾ ਰੋਡ ਦਾ ਬਰਸਾਤੀ ਪਾਣੀ ਵਿੱਚ ਪਿਛੱਲੇ ਬਹੁਤ ਸਾਲਾਂ ਤੋਂ ਕੁਦਰਤੀ ਤੌਰ ਤੇ ਛੱਪੜ ਵਿੱਚ ਜਾਂਦਾ ਹੈ। ਨਗਰ ਨਿਗਮ ਵੱਲੋਂ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਰਾਹੀਂ ਪਿੱਛਲੇ ਸਮੇਂ ਵਿੱਚ ਸਕੀਮ ਤਿਆਰ ਕਰਕੇ ਇੰਨਾਂ ਅਬਾਦੀਆਂ ਦੇ ਬਰਸਾਤੀ ਪਾਣੀ ਨੂੰ ਪਾਈਪ ਰਾਹੀਂ ਛੱਪੜ ਵਿੱਚ ਪਾਇਆ ਗਿਆ ਅਤੇ ਛੱਪੜ ਨੂੰ ਖਾਲੀ ਕਰਨ ਲਈ ਇੱਕ ਮੋਟਰ ਲਗਾਈ ਹੈ ਤਾਂ ਜੋ ਬਰਸਾਤ ਉਪਰੰਤ ਪਾਣੀ ਨੂੰ ਸੀਵਰ ਵਿੱਚ ਪੰਪ ਕੀਤਾ ਜਾ ਸਕੇ, ਜੋ ਕਿ ਚਾਲੂ ਕਰ ਦਿੱਤੀ ਗਈ ਹੈ। ਪਰੰਤੂ ਪਿੱਛਲੀਆ ਬਰਸਾਤਾਂ ਵਿੱਚ ਮਹਿਸੂਸ ਕੀਤਾ ਗਿਆ ਕਿ ਛੱਪੜ ਦੀ ਸਮੱਰਥਾ ਵਧਾਏ ਜਾਣ ਦੀ ਸਖਤ ਜਰੂਰਤ ਹੈ ਅਤੇ ਲੋਕਾਂ ਦੀ ਮੰਗ ਅਤੇ ਵਾਤਾਵਰਨ ਨੂੰ ਸੁੱਧ ਰਖਣ ਲਈ ਇਹ ਮਹਿਸੂਸ ਕੀਤਾ ਗਿਆ ਕਿ ਸਮੱਰਥਾ ਵਧਾਉਣ ਦੇ ਨਾਲ-ਨਾਲ ਇਸ ਜਗ੍ਹਾ ਨੂੰ ਪਾਰਕ ਅਤੇ ਸੈਰਗਾਹ ਦੇ ਤੌਰ ਤੇ ਵੀ ਵਿਕਸਿਤ ਕਿਤਾ ਜਾਵੇ। ਸੋ ਇਹ ਤਖਮੀਨਾ ਤਿਆਰ ਕੀਤਾ ਗਿਆ ਹੈ।

ਇਸ ਤਖਮੀਨੇ ਵਿੱਚ ਛੱਪੜ ਨੂੰ ਡੀਸਿਲਟ ਕਰਨਾ, ਚਾਰ ਚੁਫੇਰੇ ਮਿੱਟੀ ਦੀ ਭਰਾਈ ਕਰਦੇ ਹੋਏ ਪੱਟੜੀ ਬਣਾ ਕਿ ਫੁੱਟਪਾਥ ਬਣਾਉਣਾ, ਸੁੰਦਰਤਾ ਲਈ ਬਾਗਬਾਨੀ, ਲਾਈਟਸ, ਪਾਣੀ ਨੂੰ ਕੁੱਝ ਹੱਦ ਤੱਕ ਸਾਫ ਕਰਨ ਲਈ ਸਕਰੀਨਿੰਗ ਅਤੇ ਫਿਲਟਰ ਅਤੇ ਰੈਨਹਾਰਵੈਸਟਿੰਗ ਦੀ ਵਿਵਸਥਾ ਕੀਤੀ ਗਈ ਹੈ। ਇੱਥੇ ਇਹ ਜਿੱਕਰਯੋਗ ਹੈ ਕਿ

ਕਿਉਂਕਿ ਇਹ ਜਗ੍ਹਾ ਸ਼ਾਮਲਾਟ ਹੈ ਭਾਵੇ ਇਸ ਦਾ ਇੰਤਕਾਲ ਨਗਰ ਨਿਗਮ ਦੇ ਨਾਮ ਹੋ ਚੁੱਕਾ ਹੈ, ਫਿਰ ਵੀ ਜਿਸ ਦੀ ਸਮੱਰਥ ਅਥਾਰਟੀ ਤੋਂ ਪ੍ਰਵਾਨਗੀ ਦੀ ਜਰੂਰਤ ਹੋਵੇਗੀ, ਲਈ ਜਾਵੇਗੀ। ਇਸ ਤੋਂ ਪਹਿਲਾਂ ਇੱਕ ਤਜਵੀਜ਼ ਦੇ ਤਹਿਤ ਇਹ ਜਗ੍ਹਾ ਨਗਰ ਸੁਧਾਰ ਟਰੱਸਟ ਨੂੰ ਦਿੱਤੀ ਜਾਣੀ ਸੀ, ਜਿਸ ਦੇ ਤਹਿਤ ਉਹਨਾਂ ਵੱਲੋਂ ਕੁੱਝ ਜਗ੍ਹਾ ਪਾਣੀ ਦੀ ਨਿਕਾਸੀ ਅਤੇ ਪਾਰਕ ਲਈ ਛੱਡ ਕਿ ਹਾਊਸਿੰਗ ਪ੍ਰੋਜੈਕਟ ਦੇ ਤੌਰ ਤੇ ਵਿਕਸਿਤ ਕੀਤਾ ਜਾਣਾ ਸੀ, ਉਸ ਸਕੀਮ ਨੂੰ ਡਰਾਪ ਕਰਨਾ ਹੋਵੇਗਾ। ਸੋ ਉਪਰੋਕਤ ਨੂੰ ਧਿਆਨ ਵਿੱਚ ਰਖਦੇ ਹੋਏ **ਮੁਬਲਿਗ 459.15 ਰੁਪੇ** ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

<u>ਮਤਾ ਨੰਬਰ 64:</u> **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਸ਼ਹਿਰ ਦੇ ਬਾਕੀ ਸਾਰੇ ਟੋਭਿਆਂ ਦਾ ਸੁੰਦਰੀਕਰਨ ਕਰਨ ਖਾਤਰ ਆਉਣ ਵਾਲੇ ਖਰਚੇ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਹਨਾਂ ਟੋਭਿਆਂ ਦੀ ਡੀ.ਪੀ.ਆਰ ਤਿਆਰ ਕਰਕੇ ਹਰੇਕ ਕੌਂਸਲਰ ਸਾਹਿਬ ਨੂੰ ਮੁੱਹਈਆ ਕਰਵਾਈ ਜਾਵੇ।**

<u>**ਏਜੰਡਾ ਨੰ: 6**</u>

ਰਿਪੋਰਟ ਸਟੋਰਕੀਪਰ ਕਿ ਆਡਿਟ ਵਿਭਾਗ ਵੱਲੋਂ ਸਾਲ 2000-01 ਵਿੱਚ ਆਡਿਟ ਪੈਰ੍ਹਾ 18(ਕ) ਸਾਲ 2003-04 ਵਿੱਚ 18(ਸ) ਪੈਰ੍ਹੇ ਰਾਹੀਂ ਇਤਰਾਜ਼ ਲਗਾਇਆ ਸੀ ਕਿ ਨਿਗਮ ਦੀ ਚੱਲ ਅਤੇ ਅਚੱਲ ਸੰਪਤੀ ਦੀ ਭੌਤਿਕ ਪੜਤਾਲ ਕਰਵਾਈ ਜਾਵੇ। ਪੰਜਾਬ ਮਿਉਂਸਪਲ ਕੋਡ 1930 ਦੇ ਨਿਯਮ 17-12 ਅਧੀਨ ਭੌਤਿਕ ਪੜਤਾਲ ਲਈ ਮੈਂਬਰ ਜਾਂ ਮੈਂਬਰਜ਼ ਨੂੰ ਨਿਯੁਕਤ ਕਰਨਾ ਹੁੰਦਾ ਹੈ। ਸਾਲ 2013 ਵਿੱਚ ਉਸ ਸਮੇਂ ਦੇ ਕੌਂਸਲਰ ਸ਼੍ਰੀ ਸ਼ਾਮ ਲਾਲ ਜੀ ਨੂੰ ਮੈਂਬਰ ਨਿਯੁਕਤ ਕੀਤਾ ਗਿਆ ਸੀ। ਪਰੰਤੂ ਹਾਊਸ ਦੀ ਮਿਆਦ ਸਾਲ 2013 ਵਿੱਚ ਹੀ ਖਤਮ ਹੋਣ ਕਾਰਨ ਭੌਤਿਕ ਪੜਤਾਲ ਨਹੀਂ ਹੋ ਸਕੀ।

ਆਡਿਟ ਇਤਰਾਜ਼ਾਂ ਦੀ ਸਮੀਖਿਆ ਸਬੰਧੀ ਸਥਾਨਕ ਸੰਸਥਾਂਵਾਂ ਅਤੇ ਪੰਚਾਇਤੀ ਰਾਜ ਇਕਾਈਆਂ ਦੀ ਮਿਤੀ 06.09.2016 ਨੂੰ ਹੋਈ ਮੀਟਿੰਗ ਵਿੱਚ ਮੀਟਿੰਗ ਦੀ ਕਾਰਵਾਈ ਦੋਰਾਨ ਇਸ ਪੈਰ੍ਹੇ ਦੇ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਲਿਖਿਆ ਹੈ:-

"ਕਮੇਟੀ ਚਾਹੁੰਦੀ ਹੈ ਕਿ ਨਵੀਂ ਕਮੇਟੀ ਬਣਾ ਕੇ ਫਿਜ਼ੀਕਲ ਵੈਰੀਫਿਕੇਸ਼ਨ ਕਰਕੇ ਕੀਤੀ ਗਈ ਕਾਰਵਾਈ ਸਬੰਧੀ ਕਮੇਟੀ ਨੂੰ 6 ਮਹੀਨਿਆਂ ਦੇ ਅੰਦਰ-ਅੰਦਰ ਸੂਚਿਤ ਕੀਤਾ ਜਾਵੇ।"

ਸੋ, ਉਕਤ ਸਬੰਧੀ ਮੈਂਬਰ ਨਿਯੁਤਕ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

<u>ਮਤਾ ਨੰਬਰ 65:</u> **ਪਾਸ ਕੀਤਾ ਗਿਆ ਕਿ ਫਿਜ਼ੀਕਲ ਵੈਰੀਫਿਕੇਸ਼ਨ ਕਰਨ ਖਾਤਰ ਹੇਠ ਲਿਖੇ ਅਨੁਸਾਰ ਮੈਂਬਰਾਂ ਦੀ ਕਮੇਟੀ ਬਣਾਈ ਜਾਂਦੀ ਹੈ:-**

1. **ਸ਼੍ਰੀ ਸ਼ਾਮ ਲਾਲ ਜੈਨ, ਕੌਂਸਲਰ**
2. **ਸ਼੍ਰੀ ਰਾਜਵਿੰਦਰ ਸਿੰਘ ਸਿੱਧੂ, ਕੌਂਸਲਰ**
3. **ਸ਼੍ਰੀ ਹਰਜਿੰਦਰ ਸਿੰਘ ਟੋਨੀ, ਕੌਂਸਲਰ**

<u>**ਏਜੰਡਾ ਨੰ: 7**</u>

ਦਫਤਰੀ ਰਿਪੋਰਟ ਕਿ ਨਗਰ ਨਿਗਮ ਬਠਿੰਡਾ ਵੱਲੋਂ ਸ਼ਹਿਰ ਵਿੱਚ ਪਬਲਿਕ ਨੂੰ ਟਰਾਂਸਪੋਰਟ ਸੁਵਿਧਾ ਦੇਣ ਲਈ 20 ਨਾਨ ਏ.ਸੀ. ਬੱਸਾਂ ਖਰੀਦ ਕੀਤੇ ਜਾਣ ਲਈ 4.24 ਕਰੋੜ ਰੁਪਏ ਦੀ ਲਾਗਤ ਦਾ ਪ੍ਰੋਜੈਕਟ ਤਿਆਰ ਕੀਤਾ ਗਿਆ ਸੀ, ਜਿਸਨੂੰ ਨਗਰ ਨਿਗਮ ਦੇ ਹੁਕਮ ਨੰਬਰ 21 ਮਿਤੀ 27.08.2013 ਰਾਹੀਂ ਪਾਸ ਕੀਤਾ ਗਿਆ। ਇਹ ਬੱਸਾਂ ਕੰਪਨੀ ਪਾਸੋਂ ਪੀ.ਆਰ.ਟੀ.ਸੀ. ਬਠਿੰਡਾ ਨੂੰ ਪ੍ਰਾਪਤ ਹੋ ਚੁੱਕੀਆਂ ਹਨ ਅਤੇ ਇਹ ਬੱਸਾਂ ਪਹਿਲਾਂ ਦੀ ਤਰ੍ਹਾਂ ਪੀ.ਆਰ.ਟੀ.ਸੀ. ਵੱਲੋਂ ਹੀ ਚਲਾਈਆਂ ਜਾਣਗੀਆਂ। ਹੁਣ ਇਹਨਾਂ ਬੱਸਾਂ ਦੀ ਰਜਿਸਟ੍ਰੇਸ਼ਨ ਅਤੇ ਬੀਮਾ ਕਰਵਾਇਆ ਜਾਣਾ ਹੈ। ਬੱਸਾਂ ਦੀ ਰਜਿਸਟ੍ਰੇਸ਼ਨ ਅਤੇ ਬੀਮਾ BUTSL ਦੇ ਨਾਮ ਤੇ ਕਰਵਾਇਆ ਜਾਣਾ ਹੈ। ਇਹਨਾਂ ਬੱਸਾਂ ਦੀ ਰਜਿਸਟ੍ਰੇਸ਼ਨ ਮੁਬਲਿਗ 10000 x 20 = 2,00,000/- ਰੁਪਏ ਅਤੇ ਬੀਮਾ ਕਰਵਾਉਣ ਲਈ 40,500 x 20 = 8,10,000/- ਰੁਪਏ ਨਗਰ ਨਿਗਮ ਵੱਲੋਂ BUTSL ਦੇ ਨਾਮ ਤੇ ਟਰਾਂਸਫਰ ਕਰਨ ਅਤੇ BUTSL ਦੇ ਪਾਸੋਂ ਇਹ ਖਰਚ ਦੀ ਪ੍ਰਵਾਨਗੀ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

<u>ਮਤਾ ਨੰਬਰ 66:</u> **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਸ਼ਹਿਰ ਦੇ ਹਰ ਏਰੀਏ ਵਿੱਚ ਸਿਟੀ ਬੱਸਾਂ ਚਲਾਉਣ ਲਈ ਰੂਟ ਕਮੇਟੀ ਵੱਲੋਂ ਰੂਟ ਇਸ ਤਰ੍ਹਾਂ ਬਣਾਏ ਜਾਣ, ਤਾਂ ਜੋ ਬਠਿੰਡਾ ਸ਼ਹਿਰ ਦੇ ਹਰ ਨਿਵਾਸੀ ਨੂੰ ਸਿਟੀ ਬੱਸ ਦੀ ਸਹੂਲਤ ਮੁਹਈਆ ਕਰਵਾਈ ਜਾ ਸਕੇ।**

<u>**ਏਜੰਡਾ ਨੰ: 8**</u>

ਰਿਪੋਰਟ ਵਰਕਸ ਸ਼ਾਖਾ ਕਿ ਐਫ.ਐਂਡ ਸੀ.ਸੀ. ਦੇ ਮਤਾ ਨੰਬਰ 177 ਮਿਤੀ 06.12.2016 ਰਾਹੀਂ ਫੈਸਲਾ ਲਿਆ ਗਿਆ ਸੀ ਕਿ ਕਰਤਾਰ ਕਲੋਨੀ ਬਠਿੰਡਾ ਵਿਖੇ ਨਵਾਂ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਬਨਾਉਣ ਲਈ ਐਸ.ਟੀ.ਪੀ. ਲਈ ਰਾਖਵੀਂ 1700 ਵ: ਗੱਜ਼ ਜਗ੍ਹਾ ਵਿੱਚੋਂ ਹੈਲਥ ਸੈਂਟਰ ਲਈ 400 ਵ: ਗੱਜ਼ ਜਗ੍ਹਾ ਪੰਜਾਬ ਹੈਲਥ

ਸਿਸਟਮਜ਼ ਕਾਰਪੋਰੇਸ਼ਨ ਨੂੰ ਲੀਜ਼ ਤੇ ਦੇਣ ਖਾਤਰ ਵਿਚਾਰ ਹੋਇਆ ਕਿ 10 ਸਾਲ ਦੇ ਮੁੱਢਲੇ ਸਮੇਂ ਲਈ 400 ਵ: ਗੱਜ਼ ਜਗ੍ਹਾ 100/- ਰੁਪਏ ਸਲਾਨਾ ਲੀਜ਼ ਦੇ ਹਿਸਾਬ ਨਾਲ ਅਤੇ ਇਸ ਉਪਰੰਤ ਦੋਵੇਂ ਧਿਰਾਂ ਦੀ ਸਹਿਮਤੀ ਨਾਲ ਹਰ ਪੰਜ ਸਾਲ ਬਾਦ ਐਗਰੀਮੈਂਟ ਰਿਵਿਊ ਕਰਨ ਖਾਤਰ ਜਗ੍ਹਾ ਨੂੰ ਲੀਜ਼ ਤੇ ਦੇ ਦਿੱਤਾ ਜਾਵੇ। ਇਸਤੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਨਾਲ ਗੱਲਬਾਤ ਕਰਨ ਤੇ ਫੈਸਲਾ ਲਿਆ ਗਿਆ ਕਿ ਲੀਜ਼ 50 ਸਾਲਾਂ ਦੇ ਸਮੇਂ ਲਈ 400 ਵ: ਗੱਜ਼ ਜਗ੍ਹਾ 100/- ਰੁਪਏ ਸਲਾਨਾ ਲੀਜ਼ ਦੇ ਹਿਸਾਬ ਨਾਲ ਅਤੇ ਇਸ ਉਪਰੰਤ ਨਿਯਮਾਂ ਅਨੁਸਾਰ ਲੀਜ਼ ਦੀ ਮਿਆਦ ਵਿੱਚ ਵਾਧਾ ਕਰਨ ਲਈ ਕੇਸ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਖਾਤਰ ਰੱਖਿਆ ਜਾਵੇ। ਜਗ੍ਹਾ ਯੂ.ਪੀ.ਐਚ.ਸੀ ਲਈ ਲੀਜ਼ ਤੇ ਦੇਣ ਖਾਤਰ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 67: **ਪਾਸ ਕੀਤਾ ਗਿਆ ਕਿ ਕਰਤਾਰ ਕਲੋਨੀ ਬਠਿੰਡਾ ਵਿਖੇ ਨਵਾਂ ਅਰਬਨ ਪ੍ਰਾਇਮਰੀ ਹੈਲਥ ਸੈਂਟਰ ਬਨਾਉਣ ਖਾਤਰ 1700 ਵ: ਗੱਜ਼ ਜਗ੍ਹਾ ਵਿੱਚੋਂ 400 ਵ: ਗੱਜ਼ ਜਗ੍ਹਾ 50 ਸਾਲ ਦੇ ਸਮੇਂ ਲਈ 100/- ਰੁਪਏ ਸਲਾਨਾ ਲੀਜ਼ ਦੇ ਹਿਸਾਬ ਨਾਲ ਅਤੇ ਇਸ ਉਪਰੰਤ ਨਿਯਮਾਂ ਅਨੁਸਾਰ ਲੀਜ਼ ਦੀ ਮਿਆਦ ਵਿੱਚ ਵਾਧਾ ਕਰਨਾ ਪ੍ਰਵਾਨ ਕੀਤਾ ਜਾਂਦਾ ਹੈ।**

ਏਜੰਡਾ ਨੰ: 9

ਰਿਪੋਰਟ ਵਰਕਸ ਸ਼ਾਖਾ ਕਿ ਐਫ.ਐਂਡ ਸੀ.ਸੀ. ਦੇ ਮਤਾ ਨੰਬਰ 177 ਮਿਤੀ 06.12.2016 ਰਾਹੀਂ ਫੈਸਲਾ ਲਿਆ ਗਿਆ ਸੀ ਕਿ "ਸੀਨੀਅਰ ਸਿਟੀਜ਼ਨ ਕੌਂਸਲ (ਰਜਿ:) ਬਠਿੰਡਾ ਦੀ ਦਰਖਾਸਤ ਦੇ ਮੱਦੇ ਨਜ਼ਰ ਕਰਤਾਰ ਕਲੋਨੀ ਬਠਿੰਡਾ ਵਿਖੇ ਐਸ.ਟੀ.ਪੀ. ਲਈ ਰਾਖਵੀਂ 1700 ਵ: ਗੱਜ਼ ਜਗ੍ਹਾ ਵਿਚੋਂ 400 ਵ: ਗਜ਼ ਜਗ੍ਹਾ ਵਿੱਚ ਨਗਰ ਨਿਗਮ ਵੱਲੋਂ ਆਪਣੇ ਖਰਚੇ ਤੇ ਮਿਉਂਸਪਲ ਸੀਨੀਅਰ ਸਿਟੀਜ਼ਨ ਹੋਮ ਬਨਾਉਣਾ ਪਾਸ ਕੀਤਾ ਜਾਂਦਾ ਹੈ। ਇਸ ਸਬੰਧੀ ਆਉਣ ਵਾਲੇ ਖਰਚੇ ਲਈ ਕੇਸ ਹਾਊਸ ਦੀ ਮੀਟਿੰਗ ਵਿੱਚ ਰੱਖਿਆ ਜਾਵੇ।" ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 68: **ਪ੍ਰਵਾਨ ਹੈ। 400 ਵ: ਗੱਜ਼ ਜਗ੍ਹਾ ਵਿੱਚ ਬਣਨ ਵਾਲੇ ਨਗਰ ਨਿਗਮ ਸੀਨੀਅਰ ਸਿਟੀਜ਼ਨ ਹੋਮ ਵਿੱਚ ਇੱਕ ਦਫਤਰ, ਇੱਕ ਮੀਟਿੰਗ ਹਾਲ ਇੱਕ ਰਸੋਈ ਘਰ, ਟਾਇਲਟ ਬਲਾਕ ਅਤੇ ਸ਼ੈਲਟਰ ਰੂਮਜ਼ ਬਨਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਇਸ ਨਗਰ ਨਿਗਮ ਸੀਨੀਅਰ ਸਿਟੀਜ਼ਨ ਹੋਮ ਦੀ ਮਾਲਕੀ ਨਗਰ ਨਿਗਮ ਦੀ ਹੋਵੇਗੀ ਅਤੇ ਸ਼ਹਿਰ ਦੇ ਸਾਰੇ ਸੀਨੀਅਰ ਸਿਟੀਜ਼ਨ ਇਸ ਹੋਮ ਦੇ ਮੈਂਬਰ ਹੋਣਗੇ। ਇਹ ਸੀਨੀਅਰ ਸਿਟੀਜ਼ਨ ਹੋਮ ਪਹਿਲਾਂ ਆਉ ਪਹਿਲਾਂ ਪਾਉ ਦੀ ਤਰਜ਼ ਤੇ ਸੀਨੀਅਰ ਸਿਟੀਜ਼ਨ ਨੂੰ ਮੁੱਹਈਆ ਕਰਵਾਇਆ ਜਾਵੇਗਾ।**

**ਇਸ ਉਪਰੰਤ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ।**

ਏਜੰਡਾ ਨੰਬਰ: 1

ਰਿਪੋਰਟ ਬਿਲਡਿੰਗ ਸ਼ਾਖਾ ਕਿ ਸੁਨੀਲ ਗੁਪਤਾ, ਸੁਦਰਸ਼ਨ ਗੁਪਤਾ ਬਨਾਮ ਨਗਰ ਨਿਗਮ, ਬਠਿੰਡਾ ਦਾ ਕੇਸ ਟੀ.ਪੀ. ਸਕੀਮ ਨੰ: 9 ਭਾਗ 1 ਵਿੱਚ ਭੱਟੀ ਰੋਡ ਤੇ ਲਗਦੀ ਜਗ੍ਹਾ ਨਾਲ ਸਬੰਧਤ ਹੈ। ਇਸ ਜਗ੍ਹਾ ਦਾ ਖਸਰਾ ਨੰ: 2068 ਹੈ ਅਤੇ ਇਹ ਜਗ੍ਹਾ ਸ਼੍ਰੀ ਹੁਕਮ ਚੰਦ ਬਾਂਸਲ ਵੱਲੋਂ ਵਸੀਕਾ ਨੰ: 3493 ਮਿਤੀ 09.09.1970 ਰਾਹੀਂ ਖਰੀਦ ਕੀਤੀ ਗਈ ਸੀ। ਇਹ 88' x 135' ਵਰਗ ਫੁੱਟ ਜਗ੍ਹਾ ਅਤੇ ਵਸੀਕਾ ਨੰ: 7394 ਮਿਤੀ 14.03.1989 ਰਾਹੀਂ ਸੁਨੀਲ ਗੁਪਤਾਮ ਸੁਦਰਸ਼ਨ ਗੁਪਤਾ ਪੁੱਤਰਾਨ ਸਤਪਾਲ ਗੁਪਤਾ ਨੇ ਖਰੀਦ ਕਰ ਲਈ ਸੀ, ਜਿਸਦਾ ਇੰਦਰਾਜ਼ ਮਾਲ ਵਿਭਾਗ ਵਿੱਚ ਇਹਨਾਂ ਵਿਅਕਤੀਆਂ ਦੇ ਨਾਮ ਦਰਜ਼ ਹੈ। ਟੀ.ਪੀ. ਸਕੀਮ ਵਿੱਚ ਦੱਬ ਹੋਣ ਕਰਕੇ ਨਗਰ ਨਿਗਮ ਐਕਟ 1976 ਦੀ ਧਾਰਾ 246 ਅਧੀਨ ਨੋਟਿਸ ਜਾਰੀ ਕੀਤੇ ਗਏ ਸਨ। ਇਹਨਾਂ ਨੋਟਿਸਾਂ ਦੇ ਵਿਰੁੱਧ ਮਾਨਯੋਗ ਸਿਵਲ ਅਦਾਲਤ ਵਿੱਚ ਸੁਨੀਲ ਗੁਪਤਾ, ਸੁਦਰਸ਼ਨ ਗੁਪਤਾ ਪੁੱਤਰਾਨ ਸਤਪਾਲ ਗੁਪਤਾ ਵੱਲੋਂ Suit for Permanent Injuction ਦਾਇਰ ਕਰ ਦਿੱਤਾ ਗਿਆ। ਮਾਨਯੋਗ ਵਾ: ਅਦਾਲਤ ਸਿਵਲ ਜੱਜ ਸੀਨੀਅਰ ਡਿਵੀਜ਼ਨ ਬਠਿੰਡਾ ਜੀ ਨੇ ਇਸ ਕੇਸ ਵਿੱਚ ਫੈਸਲਾ ਕੀਤਾ ਕਿ ਨਗਰ ਨਿਗਮ ਮੁਦਈ ਪਾਸੋਂ ਜਗ੍ਹਾ ਦਾ ਕਬਜ਼ਾ ਧੱਕੇ ਨਾਲ ਨਹੀਂ ਲੈ ਸਕਦਾ। ਨਿਗਮ ਦੇ ਕਾਨੂੰਨੀ ਸਲਾਹਕਾਰ ਨੇ ਰਾਏ ਦਿੱਤੀ ਸੀ ਕਿ ਇਹ ਕੇਸ ਉੱਚ ਅਦਾਲਤ ਵਿਖੇ ਅਪੀਲ ਕਰਨ ਲਈ ਫਿੱਟ ਨਹੀਂ ਹੈ। ਫਿਰ ਵੀ ਨਗਰ ਨਿਗਮ ਵੱਲੋਂ ਇਸ ਕੇਸ ਵਿੱਚ ਮਾਨਯੋਗ ਅਡੀਸ਼ਲ ਜਿਲ੍ਹਾ ਜੱਜ ਬਠਿੰਡਾ ਦੀ ਅਦਾਲਤ ਵਿਖੇ ਅਪੀਲ ਦਾਇਰ ਕੀਤੀ ਗਈ ਅਤੇ ਇਹ ਅਪੀਲ ਮਾਨਯੋਗ ਅਦਾਲਤ ਵੱਲੋਂ ਮਿਤੀ 28.07.2016 ਨੂੰ ਡਿਸਮਿਸ ਕਰ ਦਿੱਤੀ ਹੈ। ਹੁਣ ਫਿਰ ਨਿਗਮ ਦੇ ਕਾਨੂੰਨੀ ਸਲਾਹਕਾਰ ਨੇ ਰਾਏ ਦਿੱਤੀ ਹੈ ਕਿ ਮਾਨਯੋਗ ਹਾਈਕੋਰਟ ਵਿਖੇ ਇਹ ਕੇਸ ਅਪੀਲ ਕਰਨ ਦੇ ਫਿੱਟ ਨਹੀਂ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 69: **ਪਾਸ ਕੀਤਾ ਗਿਆ ਕਿ ਕੇਸ ਘੋਖ ਕੇ ਰਿਪੋਰਟ ਕਰਨ ਖਾਤਰ ਹੇਠ ਲਿਖੇ ਅਨੁਸਾਰ ਚਾਰ ਮੈਂਬਰੀ ਕਮੇਟੀ ਬਣਾਈ ਜਾਂਦੀ ਹੈ:-**

1. **ਸ਼੍ਰੀ ਹਰਮੰਦਰ ਸਿੰਘ, ਕੌਂਸਲਰ**
2. **ਸ਼੍ਰੀ ਪੰਕਜ ਅਰੋੜਾ, ਕੌਂਸਲਰ**

3. ਸ਼੍ਰੀ ਬੀ.ਡੀ. ਸਿੰਗਲਾ, ਨਿਗਰਾਨ ਇੰਜੀਨੀਅਰ
4. ਸ਼੍ਰੀ ਕਿਸ਼ੋਰ ਚੰਦ ਬਾਂਸਲ, ਐਮ.ਟੀ.ਪੀ.

ਉਕਤ ਕਮੇਟੀ ਵੱਲੋਂ ਕੇਸ ਨੂੰ ਘੋਖ ਕੇ ਰਿਪੋਰਟ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।

ਸ਼੍ਰੀ ਹਰਮੰਦਰ ਸਿੰਘ, ਕੌਂਸਲਰ ਨੇ ਦਸਿਆ ਕਿ ਅਜੀਤ ਰੋਡ, ਗਲੀ ਨੰਬਰ 3 ਵਿੱਚ 800 ਵ: ਗੱਜ਼ ਜਗ੍ਹਾ ਦੀ ਦੱਬ ਹੋਣ ਤੇ ਨਿਗਮ ਦੀ ਅਣਗਹਿਲੀ ਕਾਰਨ ਮਾਨਯੋਗ ਹਾਈਕੋਰਟ ਵਿਖੇ ਸਮੇਂ ਸਿਰ ਅਪੀਲ ਨਹੀਂ ਕੀਤੀ ਅਤੇ ਬਾਅਦ ਵਿੱਚ ਅਪੀਲ ਕਰਨ ਤੇ ਮਾਨਯੋਗ ਹਾਈਕੋਰਟ ਨੇ ਅਪੀਲ ਰਿਜੈਕਟ ਕਰ ਦਿੱਤੀ। ਉਹਨਾਂ ਉਕਤ ਕੇਸ ਦੀ ਅਪੀਲ ਮਾਨਯੋਗ ਸੁਪਰੀਮ ਕੋਰਟ ਵਿਖੇ ਕਰਨ ਦੀ ਮੰਗ ਕੀਤੀ ਤਾਂ ਜੋ ਨਿਗਮ ਦਾ ਨੁਕਸਾਨ ਨਾ ਹੋ ਸਕੇ। ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਉਕਤ ਕੇਸ ਵਿੱਚ ਜਲਦ ਤੋਂ ਅਪੀਲ ਕੀਤੀ ਜਾਵੇ।

**ਏਜੰਡਾ ਨੰਬਰ: 2**

ਦਫਤਰੀ ਰਿਪੋਰਟ ਕਿ ਨਗਰ ਨਿਗਮ ਵੱਲੋਂ ਸਰਕਾਰ ਦੇ ਪੱਤਰ ਮਿਤੀ 28.05.2015 ਦੀਆਂ ਹਦਾਇਤਾਂ ਅਨੁਸਾਰ ਮਤਾ ਨੰਬਰ 102(2) ਮਿਤੀ 14.12.2015 ਰਾਹੀਂ ਹੈਂਡੀਕੈਪਡ ਕੋਟਾ ਸਿੱਧੀ ਭਰਤੀ ਰਾਹੀਂ ਭਰਨਾ ਪਾਸ ਕੀਤਾ ਸੀ। ਇਸ ਅਨੁਸਾਰ:-

1. ਕਲੱਰਕ 1 ਆਸਾਮੀ (ਗੂੰਗਾ ਬੋਲਾ),
2. ਮਾਲੀ 1 ਆਸਾਮੀ (ਅੰਗਹੀਣ)
3. ਸਫਾਈ ਸੇਵਕ 17 ਆਸਾਮੀਆਂ ( 5 ਨੇਤਰਹੀਣ, 7 ਅੰਗਹੀਣ, 5 ਗੂੰਗੇ ਬੋਲੇ)

ਦੀ ਭਰਤੀ ਲਈ ਮਿਤੀ 21.10.2016 ਨੂੰ ਇੰਗਲਿਸ਼ ਟ੍ਰਿਬਿਊਨ ਅਤੇ ਪੰਜਾਬੀ ਅਜੀਤ ਵਿੱਚ ਇਸ਼ਤਿਹਾਰ ਦੇ ਕੇ ਮਿਤੀ 15.11.2016 ਤੱਕ ਅਰਜ਼ੀਆਂ ਦੀ ਮੰਗ ਕੀਤੀ ਗਈ ਸੀ। ਇਸ ਉਪਰੰਤ ਪ੍ਰਾਪਤ ਅਰਜ਼ੀਆਂ ਦੀ ਲਿਸਟਾਂ ਤਿਆਰ ਕੀਤੀਆਂ ਗਈਆਂ ਸਨ। ਉਮੀਦਵਾਰਾਂ ਦੇ ਸਰਟੀਫਿਕੇਟ ਚੈਕ ਕਰਨ ਲਈ ਅਤੇ ਇੰਟਰਵਿਊ ਲੈਣ ਲਈ ਸ਼੍ਰੀਮਤੀ ਗੁਰਿੰਦਰ ਪਾਲ ਕੋਰ ਮਾਂਗਟ, ਡਿਪਟੀ ਮੇਅਰ, ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ, ਸ਼੍ਰੀ ਹਰਮੰਦਰ ਸਿੰਘ, ਕੌਂਸਲਰ, ਸ਼੍ਰੀ ਸੁਖਵਿੰਦਰ ਕੋਰ, ਕੌਂਸਲਰ, ਸ਼੍ਰੀ ਬੀ.ਡੀ. ਸਿੰਗਲਾ, ਨਿਗਰਾਨ ਇੰਜੀਨੀਅਰ, ਸ਼੍ਰੀ ਰਬਿੰਦਰ ਕੁਮਾਰ ਸਿੰਗਲਾ, ਨਿਗਮ ਇੰਜੀਨੀਅਰ, ਸ਼੍ਰੀ ਹਰਬੰਸ ਲਾਲ, ਸਕੱਤਰ, ਸਹਾਇਕ ਕਮਿਸ਼ਨਰ (ਸ) (ਨੁਮਾਇੰਦਾ ਡਿਪਟੀ ਕਮਿਸ਼ਨਰ), ਜਿਲਾ ਭਲਾਈ ਅਫਸਰ ਅਤੇ ਜਿਲਾ ਸਮਾਜਿਕ ਸੁੱਰਖਿਆ ਅਫਸਰ ਦੀ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਵੱਲੋਂ ਮਿਤੀ 09.12.2016 ਨੂੰ ਉਮੀਦਵਾਰਾਂ ਦੇ ਸਰਟੀਫਿਕੇਟ ਚੈਕ ਕੀਤੇ ਗਏ। ਇਸ selection ਲਈ criteria ਬਣਾਇਆ ਗਿਆ ਸੀ, ਕਿ ਅਠਵੀਂ ਜਾ ਦਸਵੀਂ ਵਿੱਚੋਂ ਪ੍ਰਾਪਤ ਅੰਕ (ਜੋ ਵੀ ਵੱਧ ਹੋਣ) ਵਿੱਚ +2 ਅਤੇ ਗਰੈਜੂਏਸ਼ਨ ਦੇ 1-1% ਨੰਬਰ ਜੋੜੇ ਜਾਣਗੇ। ਕਲੱਰਕ ਦੀ ਆਸਾਮੀ ਲਈ ਗਰੈਜੂਏਸ਼ਨ ਵਿੱਚੋਂ ਪ੍ਰਾਪਤ ਅੰਕਾਂ ਦੇ ਆਧਾਰ ਤੇ ਮੈਰਿਟ ਬਣਨੀ ਸੀ। ਇਸ ਤਰ੍ਹਾਂ ਮੈਰਿਟ ਲਿਸਟਾਂ ਤਿਆਰ ਕੀਤੀਆਂ ਗਈਆਂ ਹਨ। ਹਰੇਕ ਆਸਾਮੀ ਲਈ ਉਪਲਬੱਧ ਗਿਣਤੀ ਤੋਂ ਤਿੰਨ ਗੁਣਾ ਉਮੀਦਵਾਰਾਂ ਦੀਆਂ ਮੈਰਿਟ ਲਿਸਟਾਂ ਨਾਲ ਨੱਥੀ ਹਨ। ਜਿੰਨੀਆਂ ਆਸਾਮੀਆਂ ਹਨ, ਉਸਤੋਂ ਬਾਦ ਦੇ ਲੜੀ ਨੰਬਰ ਦੇ ਉਮੀਦਵਾਰ Waiting list ਵਿੱਚ ਹੋਣਗੇ। ਜੇਕਰ ਕਾਮਯਾਬ ਉਮੀਦਵਾਰ ਨੋਕਰੀ ਤੇ ਨਹੀਂ ਆਉਂਦਾ ਹੈ ਤਾਂ ਅਗਲੀ ਲੜੀ ਦੇ ਉਮੀਦਵਾਰ ਨੂੰ ਸੱਦਾ ਦਿੱਤਾ ਜਾਵੇਗਾ। ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 70:** **ਪ੍ਰਵਾਨ ਹੈ।**

**ਏਜੰਡਾ ਨੰ: 3**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| ਲੜੀ ਨੰ: | ਵਾਰਡ ਨੰਬਰ | ਕੰਮ ਦਾ ਨਾਮ | ਤਖਮੀਨੇ ਦੀ ਰਕਮ (ਲੱਖਾਂ ਵਿੱਚ) |
|---|---|---|---|
| 1 | | ਪ੍ਰਤਾਪ ਨਗਰ, ਵਾਰਡ ਨੰਬਰ 41 ਵਿਖੇ ਮਾਤਾ ਸਾਹਿਬ ਕੋਰ ਯਾਦਗਾਰੀ ਗੇਟ ਬਨਾਉਣਾ | 3.25 |

ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 71:** **ਪ੍ਰਵਾਨ ਹੈ।**

**ਸਹੀ/-**
**ਮੇਅਰ**

ਨਗਰ ਨਿਗਮ, ਬਠਿੰਡਾ।